
ISSN 0972-2335

# ਅੰਮ੍ਰਿਤੁ ਕੀਰਤਨ

## ਜੁਲਾਈ 2016




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-
Posting Date 01 July 2016

# ਪਹਿਲਾ ਰੰਗ

ਪੁੱਤਰ, ਅਕਲ ਤੇ ਕਰਨੀ[1], ਦਾ ਦੀਪ ਬਣਕੇ,

ਉਜਲਾ[2] ਕਰ ਦੇਵੀਂ ਨਾਂ ਜਹਾਨ ਅੰਦਰ।

ਇਲਮ[3] ਖੋਜ ਤੇ ਗਿਆਨ ਵਿਚਾਰ ਕਰਕੇ,

ਮਿੱਠੇ ਬੋਲ ਬੋਲੀਂ ਤੂੰ ਜ਼ਬਾਨ ਅੰਦਰ।

ਮਨ ਨੀਵਾਂ ਤੇ ਮੱਤ[4] ਸਦਾ ਉੱਚ ਰਖਣੀ,

ਗੱਲਾਂ ਕਰਨੀਆਂ ਮਿੱਠੀ ਜ਼ਬਾਨ ਅੰਦਰ।

ਬੁਰੀ ਸੰਗਤ ਮਿਲਾਪ ਤੋਂ ਪਰੇ ਰਹਿਣਾ,

ਨੇੜੇ ਆਵਣਾ ਨਹੀਂ ਤੂਫ਼ਾਨ ਅੰਦਰ।

ਸਭ ਕੁੱਝ ਰੱਬ ਦਿੱਤਾ ਅੱਗੇ ਆਪ ਦੇਸੀ,

ਹੱਥ ਜੋੜਦੇ ਰਹੋ ਉਹਦੀ ਸ਼ਾਨ ਅੰਦਰ।

ਕਾਬੂ ਮਨ ਰੱਖੀਏ, ਸੰਭਲ ਕੱਢ ਲਈਏ,

ਫੱਸ ਜਾਏ ਜੇ ਬੁਰੇ ਤੂਫ਼ਾਨ ਅੰਦਰ।

ਸੁਬਾਹ ਸ਼ਾਮ ਸਦਾ ਉਹਨੂੰ ਯਾਦ ਕਰੀਏ,

ਚਿੱਤ[5] ਲਾਈਏ ਚਰਨ ਭਗਵਾਨ ਅੰਦਰ।

ਰੱਬ ਅੰਗ ਸੰਗ[6] ਸਦਾ ਸਹਾਈ ਹੁੰਦਾ,

ਜੋਈ[7] ਰਹਿੰਵਦਾ ਸਦਾ ਨਿਰਮਾਣ[8] ਅੰਦਰ।



**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : ਅੰਧਾ ਆਗੂ ਜੇ ਥੀਐ — 4

ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ — 6
ਡਾ. ਜਾਗੀਰ ਸਿੰਘ

ਗੁਰੂ ਨਾਨਕ ਬਾਣੀ ਵਿੱਚ ਭਗਤੀ ਦਾ ਸੰਕਲਪ — 15
ਡਾ਼ ਗੁਰਪ੍ਰੀਤ ਸਿੰਘ

ਬਹੁ ਪੱਖੀ ਸ਼ਖਸੀਅਤ:ਭਾਈ ਕਰਮ ਸਿੰਘ ਰਤਨ — 21
ਭਾਈ ਗੁਰਮੀਤ ਸਿੰਘ ਜੋਸ਼

ਸੁਰਲਿਪੀ ਰਾਗ ਜੈਤਸਰੀ — 26
ਨਰਿੰਦਰਜੀਤ ਕੌਰ

ਸ਼ਬਦ ਦੇ ਅਰਥ — 27


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

# ਅੰਧਾ ਆਗੂ ਜੇ ਥੀਐ

ਪਿਛਲੇ ਦਿਨੀ ਇੱਕ ਪੁਸਤਕ ਪੜ੍ਹ ਰਿਹਾ ਸਾਂ-TURN SETBACKS INTO GREENBACKS BY Dr. Willie Jolley.

ਇਸ ਵਿੱਚ ਈਸਾ ਮਸੀਹ ਦੇ ਇਕ ਕਥਨ ਦਾ ਜ਼ਿਕਰ ਕੀਤਾ ਹੈ-

ਅਤੇ ਜੇ ਅੰਨ੍ਹੇ ਅੰਨ੍ਹਿਆਂ ਦੀ ਅਗਵਾਈ ਕਰਦੇ ਹਨ ਤਾਂ ਦੋਵੇਂ ਖੂਹ ਵਿੱਚ ਡਿਗਣਗੇ (ਮੈਥਿਉ 15-14)

ਕਮਾਲ ਹੈ ਵੱਖ ਵੱਖ ਮਹਾਂਪੁਰਖਾਂ ਦੇ ਕਈ ਵਾਕ ਕਿਵੇਂ ਇੰਨ ਬਿੰਨ ਪ੍ਰਾਪਤ ਹੁੰਦੇ ਹਨ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਮਹਾਂਪੁਰਖਾਂ ਨੇ ਜਿਹੜੀ ਸਚਾਈ ਦਾ ਅਨੁਭਵ ਕੀਤਾ ਹੁੰਦਾ ਹੈ ਉਹ ਇੱਕ ਹੀ ਹੈ ਅਤੇ ਉਹ ਸੱਚਾਈ ਸਰਬਕਾਲਿਕ ਅਤੇ ਸਰਬਵਿਆਪਕ ਹੁੰਦੀ ਹੈ।

ਉਪਰੋਕਤ ਨਾਲ ਮਿਲਦੇ ਜੁਲਦੇ ਅਨੇਕਾਂ ਗੁਰ ਵਾਕ ਗੁਰੂਗ੍ਰੰਥ ਸਾਹਿਬ ਵਿੱਚੋਂ ਵਾਚੇ ਜਾ ਸਕਦੇ ਹਨ। ਇਹਨਾਂ ਦਾ ਅਧਿਐਨ ਕਰਨਾ ਬੜਾ ਰੌਚਕ ਅਤੇ ਭਾਵ ਪੂਰਤ ਹੈ।ਆਓ ਇਹਨਾਂ ਦਾ ਅੰਗਰੇਜ਼ੀ ਅਨੁਵਾਦ ਸਹਿਤ ਅਧਿਐਨ ਕਰੀਏ-

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥

He is truly blind, who follows the way shown by the blind man.

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥

The disciples whose teacher is blind, act blindly as well.

ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥

They walk according to their own wills, and continually speak falsehood and lies.

ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਦਾ ਕਰੇਨਿ ॥

They practice falsehood and deception, and endlessly slander others.

ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥

Slandering others, they drown themselves, and drown all their generations as well.

ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥ 2 ॥

O Nanak, whatever the Lord links them to, to that they are linked; what can the poor creatures do? ||2||

ਗੁਰੂ ਜਿਨਾ ਕੇ ਅੰਧੁਲਾ ਚੇਲੇ ਨਾਹੀ ਠਾਉ ॥

Those chaylaas, those devotees, whose spiritual teacher is blind, shall not find their place of rest.

ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥

Since I am no one, what can I say? Since I am nothing, what can I be?

ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥

As He created me, so I act. As He causes me to speak, so I speak. I am full and overflowing with sins-if only I could wash them away!

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥

I do not understand myself, and yet I try to teach others. Such is the guide I am!

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥

O Nanak, the one who is blind shows others the way, and misleads all his companions.

ਅਵਰੀ ਨੋ ਸਮਝਾਵਣਿ ਜਾਇ ॥

And yet, they go out to teach others.

ਮੁਠਾ ਆਪਿ ਮੁਹਾਏ ਸਾਥੇ ॥

They are deceived, and they deceive their companions.

ਨਾਨਕ ਐਸਾ ਆਗੂ ਜਾਪੈ ॥ 1 ॥

O Nanak, such are the leaders of men. ||1||

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ 3 ॥

The ignorant, blind man calls himself the guru, but to whom can he show the way? ||3||

ਅੰਧਾ ਆਗੂਜੇ ਥੀਐ ਕਿਉ ਪਾਧਰੁ ਜਾਣੇ ॥

If a blind man is made the leader, how will he know the way?

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥

Those chaylaas, those devotees, whose spiritual teacher is blind, shall not find their place of rest.

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੇ ॥

If a blind man is made the leader, how will he know the way?

ਅੰਧੇ ਗੁਰੂ ਤੇ ਭਰਮੁ ਨ ਜਾਈ ॥

Those whose guru is spiritually blind - their doubts are not dispelled.

ਭੁਲ ਚੁੱਕ ਖਿਮਾ--- ਜਾਗੀਰ ਸਿੰਘ



# ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ

## ਡਾ. ਜਾਗੀਰ ਸਿੰਘ

ਭਾਈ ਸੱਤਾ ਅਤੇ ਭਾਈ ਬਲਵੰਡ ਰਬਾਬੀ ਦਾ ਨਾਂ ਸਿੱਖ ਜਗਤ ਵਿੱਚ ਬੜਾ ਚਰਚਿਤ ਹੈ। ਆਪ ਗੁਰੂਘਰ ਦੇ ਅਨਿੰਨ ਕੀਰਤਨੀਏ ਸਨ। ਸਿੱਖ ਇਤਿਹਾਸ ਅਨੁਸਾਰ ਭਾਈ ਬਲਵੰਡ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤਕ ਕੀਰਤਨ ਦੀ ਸੇਵਾ ਕੀਤੀ। ਆਪ ਵੱਲੋਂ ਰਾਗ ਰਾਮਕਲੀ ਵਿੱਚ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਹੈ। ਸਿੱਖ ਜਗਤ ਇਸ ਵਾਰ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਵਾਰ ਵਿੱਚ ਗੁਰ ਇਤਿਹਾਸ ਨਾਲ ਸਬੰਧਤ ਕਈ ਮਹੱਤਵਪੂਰਨ ਵੇਰਵੇ ਮਿਲਦੇ ਹਨ। ਇਸ ਵਾਰ ਬਾਰੇ ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਇਸ ਵਾਰ ਦੇ ਵਾਰ ਵਾਰ ਪਾਠ ਕਰਨ ਨਾਲ ਸਰੀਰਕ ਕਸ਼ਟ ਦੂਰ ਹੁੰਦੇ ਹਨ।

ਬਲਵੰਡ ਰਬਾਬੀ ਗੁਰੂਨਾਨਕ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ। ਜਦੋਂ ਗੁਰੂਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ –

ਬਲਵੰਡ ਰਬਾਬੀ ਤੁਮ ਸੰਗ ਜਾਵੈ।।

ਸਮੇ ਸਮੇ ਹਰਿ ਕੀਰਤਨ ਗਾਵੈ।।[1]

ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ–

ਹੁਤੋ ਡੂਮ ਬਲਵੰਡ ਮਹਾਨਾ।।

ਸਤਾ ਤਿਸਕੋ ਅਨੁਜ ਸੁਜਾਨਾ।।[2]

ਇਤਿਹਾਸ ਵਿੱਚ ਅਜਿਹਾ ਭੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਰਬਾਬੀ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀਦੀ ਹੈ।

ਬਲਵੰਡ ਰਬਾਬੀ ਸਤਿਗੁਰ ਦੇ ਸਨਮੁਖ ਬਹੈ।

ਚੌਕੀ ਸਬਦ ਸੁਨਾਇ ਸਦਾ ਸੁਖ ਮੋ ਰਹੈ।

ਗੁਰ ਬਾਬੇ ਕਹੀ ਸੁ ਪਾਸ ਇਸੇ ਇਮ ਰਾਖੀਐ।

ਹੋ ਜਿਮ ਦਾਤਨ ਮੋ ਜੀਭ ਵਚਨ ਸਭ ਭਾਖੀਐ।[3]

ਮਹਿਮਾ ਪ੍ਰਕਾਸ਼ (ਵਾਰਤਕ) ਵਿੱਚ ਲਿਖਿਆ ਹੈ–ਬਲਵੰਡ ਮੇਰਾ ਰਬਾਬੀ ਹੈ। ਇਸ ਕੋ ਨਾਲ ਲੈ

ਜਾਈਐ। ਤੁਸਾਡੇ ਰੋਬਰੋ (ਰੂਬਰੂ) ਸਬਦ ਕੀ ਚਉਕੀ ਕਰੇਗਾ। ਇਸ ਕੋ ਇਉ ਰਖਨਾ ਜਿਉ ਦੰਦਾ ਮੇ ਜੀਭ ਰਹਦੀ ਹੈ। ਅਰ ਹੋਰ ਸਭ ਮਿਲਾਪੀਆ ਨੂੰ ਮੇਰੀ ਆਗਿਆ ਹੈ।[4]

ਉਸ ਦਿਨ ਤੋਂ ਬਾਅਦ ਬਲਵੰਡ ਗੁਰੂ ਅੰਗਦ ਦੇਵ ਜੀ ਨਾਲ ਪੂਰੀ ਤਰ੍ਹਾਂ ਜੁੜ ਗਿਆ। ਗੁਰਿਆਈ ਮਿਲਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਕੁਝ ਸਮਾਂ ਲੋਪ ਹੋ ਗਏ ਸਨ। ਬਾਬਾ ਬੁੱਢਾ ਜੀ ਨੇ ਜਦੋਂ ਉਹਨਾਂ ਦੀ ਭਾਲ ਕੀਤੀ ਤਾਂ ਇਸ ਸਾਰੇ ਪ੍ਰਸੰਗ ਵਿੱਚ ਭਾਈ ਬਲਵੰਡ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਆਉਂਦਾ ਹੈ। ਭਾਈ ਬਲਵੰਡ ਛੇ ਮਹੀਨੇ ਗੁਰੂਦੇ ਦਰਸ਼ਨਾਂ ਦੀ ਆਸ ਵਿੱਚ ਬੈਠਾ ਰਿਹਾ। ਮਹਿਮਾ ਪ੍ਰਕਾਸ਼ ਇਹ ਸਾਖੀ ਬੜੇ ਰੌਚਕ ਢੰਗ ਨਾਲ ਬਿਆਨ ਕੀਤੀ ਹੈ-

ਤਬ ਬੁਢਾ ਖਡੂਰ ਕੋ ਆਇਆ, ਮਾਈ ਬਿਰਾਈ ਕੇ ਘਰ। ਮਾਈ ਬਿਰਾਈ ਬੈਠੀ ਥੀ। ਅਰ ਬਲਵੰਡ ਭੀ ਉਥੇ ਥਾ। ਬੁਢੇ ਨੇ ਮਾਈ ਕੋ ਪੈਰੀ ਪਉਨਾ ਕੀਆ ਅਰ ਮਾਈ ਨੂੰ ਆਖਿਆ-ਸਾਨੂੰ ਬੜੀ ਲੋਚਾ ਹੈ ਗੁਰੂ ਕਾ ਦਰਸਨ ਕਰਾਉ। ਤਬ ਮਾਈ ਨੇ ਆਖਿਆ- ਗੁਰੂ ਕੀ ਗੁਰੂਜਾਣੇ। ਜਿਥੇ ਤੈਨੂੰ ਗੁਰੂ ਨਜਰ ਆਵਦਾ ਹੈ ਉਥਊ ਲਭ ਲੈ। ਤਬ ਬੁਢੇ ਆਖਿਆ-ਮਾਈ ਤੇਰੇ ਮਥੇ ਮਾਲੂਮ ਹੋਵਦਾ ਹੈ। ਜੋ ਗੁਰੂ ਤੇਰੇ ਘਰ ਮੋ ਹੈ। ਅਰ ਮੈਨੂੰ ਗੁਰੂਕਾ ਵਚਨ ਹੈ, ਜਿਥੇ ਮੈ ਹੋਵਾਗਾ ਤਿਥੇ ਤੈਨੂ ਦਰਸਨ ਦੇਵਾਗਾ। ਤਬ ਬਲਵੰਡ ਆਖਿਆ- ਭਾਈ ਬੁਢਿਆ ਛੇ ਮਹੀਨੇ ਹੋਏ ਹੈ ਸਾਨੂੰ ਦੁਆਰੇ ਉਪਰਿ ਬੈਠਿਆ ਨੂੰ। ਭਲਾ ਹੋਇਆ ਤੂ ਆਇਆ ਹੈ। ਤੈਨੂੰ ਬਾਬਾ ਜੀ ਕੀ ਖੁਸੀ ਹੈ। ਭਲਾ ਕਰੇ ਦੁਆਰਾ ਖੋਲੇ। ਤੂ ਦਰਸਨ ਕਰੇ ਅਰ ਸਾਨੂੰ ਕਰਾਵੈ। ਤਬ ਬੁਢੇ ਦੁਆਰਾ ਖੋਲਿਆ। ਸ੍ਰੀ ਗੁਰੂ ਕੇ ਚਰਨ ਕੇ ਆਗੇ ਜਾਇ ਪੜੇ ਅਰ ਬਲਵੰਡ ਨੇ ਰਬਾਬ ਬਜਾਇਆ। ਮਾਈ ਬਿਰਾਈ ਅਉਰ ਬੁਢਾ ਦਰਸਨ ਲਗੇ ਕਰਨ। ਅਰ ਬਲਵੰਡ ਕੀਰਤਨ ਲਗਾ ਕਰਨ। ----ਗੁਰੂਜੀ ਸਿੰਘਾਸਨ ਪਰ ਆਨ ਬੈਠੇ। ਬਲਵੰਡ ਰਬਾਬੀ ਸਬਦ ਕੀ ਚਉਕੀ ਕੀਆ।[5]

ਇਕ ਸਮੇਂ ਭਾਈ ਬੁੱਢੇ ਨੂੰ ਕੀਰਤਨ ਨਾ ਸੁਣਾਉਣ ਕਾਰਨ ਗੁਰੂਜੀ ਬਲਵੰਡ ਨਾਲ ਨਾਰਾਜ਼ ਹੋਏ ਪਰ ਬਾਅਦ ਵਿੱਚ ਮੁਆਫ ਕਰ ਦਿੱਤਾ-

ਤਬ ਬਲਵੰਡ ਨੇ ਅਰਦਾਸ ਕੀਤੀ- ਮੇਹਰਵਾਨ ਮੈ ਬਡਾ ਪਾਪੀ ਹਾ ਮੈਨੂ ਕ੍ਰਿਪਾ ਕਰਕੇ ਬਖਸੀਏ। ਤਬ ਗੁਰੂਜੀ ਕਿਰਪਾ ਕੇ ਘਰ ਆਏ। ਤਬ ਆਗਿਆ ਹੋਈ- ਕੁਝ ਉਸਤਤ ਕਰ। ਤਬ ਬਲਵੰਡ ਆਖਿਆ- ਮੇਹਰਵਾਨ ਮੇਰੇ ਪਾਸੋ ਕੁਛ ਨਹੀ ਹੋਦਾ। ਮੈ ਬਡਾ ਗੁਨਹਗਾਰ ਹਾ। ਆਗਿਆ ਹੋਈ- ਮੇਰੇ ਬਚਨ ਕਰਕੇ ਤੂ ਉਸਤਤ ਕਰਿ। ਤਬ ਬਲਵੰਡ ਨੇ ਟਿਕੇ ਕੀ ਵਾਰ ਆਖੀ। ਤਬ ਗੁਰੂ ਜੀ ਕੀ ਖੁਸੀ ਹੋਈ। ਤਬ ਬਲਵੰਡ ਕੇ ਘਟ ਮੇ ਬਾਨੀ ਕਾ ਨਿਵਾਸ ਹੋਆ।[6]

ਸੱਤੇ ਅਤੇ ਬਲਵੰਡ ਦੁਆਰਾ ਰਚੀ ਵਾਰ ਦੀ ਪ੍ਰਸ਼ੱਸਾ ਬਾਰੇ ਵੀ ਹਵਾਲੇ ਪ੍ਰਾਪਤ ਹੁੰਦੇ ਹਨ-

ਪੌੜੀ ਕਰੀ ਬਲਵੰਡ ਇਹ ਟਿਕੇ ਕੀ ਵਾਰ ਮਿਲਾਇ।<br>
ਸੋਹਤ ਸ੍ਰੀ ਗ੍ਰੰਥ ਮੋ ਸਭ ਕੋ ਗਾਵਤ ਤਾਹ।<br>
ਸੁਨ ਬਾਕ ਬਿਲਾਸ ਬਲਵੰਡ ਕੇ ਸਤਿਗੁਰ ਭਏ ਪ੍ਰਸੰਨ।<br>
ਪਉੜੀ ਸੁਨ ਕਰ ਵਾਰ ਕੀ ਸਭ ਲੋਕ ਕਰੇਂ ਧਨ ਧੰਨ।[7]

ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਜਦੋਂ ਕਿਸੇ ਗੁਰੂ ਸਾਹਿਬ ਨੂੰ ਗੁਰਿਆਈ ਦਾ

ਟਿੱਕਾ ਲੱਗਦਾ ਉਦੋਂ ਭਾਈ ਸੱਤਾ ਅਤੇ ਬਲਵੰਡ ਉਸ ਗੁਰੂ ਸਾਹਿਬ ਦੀ ਉਸਤਤ ਵਿੱਚ ਵਾਰ ਦੀ ਪਉੜੀ ਉਚਾਰਦੇ। ਇਸੇ ਕਾਰਨ ਇਹਨਾਂ ਦੁਆਰਾ ਰਚੀ ਵਾਰ ਨੂੰ ਟਿੱਕੇ ਦੀ ਵਾਰ ਵੀ ਕਿਹਾ ਜਾਂਦਾ ਹੈ। ਗੁਰ ਗੱਦੀ ਮਿਲਣ ਉਪਰੰਤ ਗੁਰੂ ਅਮਰ ਦਾਸ ਜੀ ਨੇ ਜਦੋਂ ਪਹਿਲਾ ਦੀਵਾਨ ਲਗਾਇਆ ਉਦੋਂ ਭਾਈ ਸਤਾ ਅਤੇ ਭਾਈ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂਅਮਰ ਦਾਸ ਜੀ ਬਾਰੇ ਪਉੜੀ ਉਚਾਰੀ–

ਬਲਵੰਡ ਰਬਾਬੀ ਸਤਾ ਆਏ।
ਅਦਭੁਤ ਦਰਸਨ ਸਤਿਗੁਰ ਪਾਏ।
ਤਿਨ ਧੁਨ ਰਬਾਬ ਕਰ ਉਸਤਤ ਕਰੀ।
ਟਿਕੇ ਵਾਰ ਕੀ ਪਉੜੀ ਕਰੀ। [8]

ਅਤੇ ਫਿਰ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਦੇ ਸਨ–

ਸਾਹਿਬ ਸਿਘਾਸਨ ਪਰ ਆ ਬੈਠੇ। ਬਲੂ ਮੋਰਛਲੁ ਲਗਾ ਕਰਨੇ। ਤਬ ਸਤਾ ਬਲਵੰਡ ਰਬਾਬੀ ਆਨ ਕਰ ਭਜਨ ਲਗੇ ਕਰਨੇ। ----ਜਬ ਪ੍ਰਭਾਤ ਹੋਤਾ ਤਬ ਬਲਵੰਡ ਅਰ ਸਤਾ ਸਬਦ ਕੀ ਚਉਕੀ ਕਰਤੇ ਥੇ। [9]

ਸਾਰੇ ਗੁਰੂ ਸਾਹਿਬਾਨ ਦੇ ਦਰਬਾਰ ਵਿੱਚ ਅਨੇਕ ਰਬਾਬੀਆਂ ਵੱਲੋਂ ਰਾਗਮਈ ਕੀਰਤਨ ਕਰਨ ਦਾ ਜ਼ਿਕਰ ਆਉਂਦਾ ਹੈ। ਪਰ ਇਹਨਾਂ ਵਿੱਚੋਂ ਬਲਵੰਡ ਰਬਾਬੀ ਪਰਮੁਖ ਦਰਸਾਇਆ ਜਾਂਦਾ ਹੈ। ਭਾਈ ਸੰਤੋਖ ਸਿੰਘ ਗੁਰੂਅੰਗਦ ਦੇਵ ਜੀ ਦੇ ਦਰਬਾਰ ਦੀ ਕੀਰਤਨ ਮਰਯਾਦਾ ਬਾਰੇ ਲਿਖਦੇ ਹਨ:

ਭਈ ਜਗਤ ਮੇ ਬਿਦਤ ਸੁ ਬਾਤੀ।
ਆਇ ਅਨੇਕ ਖਰੇ ਹੁਇ ਪ੍ਰਾਤੀ।
ਸੰਕਟ ਨਸੂਹਿ ਮਦਨ ਸਿਧਾਰਹਿ।
ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ।
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿ ਬੀਚ ਸੰਗਤਿ ਹਰਖਾਵੈਂ।
ਬੈਠ ਰਹੈਂ ਸਿਘਾਸਨ ਫੇਰ।
ਸਿਖ ਸੰਗਤਿ ਸਭ ਦਰਸਨੁ ਹੇਰਿ।

... ... ... ... ... ...

ਸਭਾ ਬਿਖੈ ਸੁਭ ਆਸਨ ਬੈਸੇਂ।
ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ।
ਚਹੁ ਦਿਸ ਪਰਵਾਰਤਿ ਸਿਖ ਆਇ।
ਰੁਚਿਰ ਰਬਾਬੀ ਰਾਗਨਿ ਗਾਇ। [10]

ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ–

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ।
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ।
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜੇਤ ਜਯੋਂ ਮੇਰ ਸੁਹੰਦੇ।
... ... ... ... ...
ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ।
ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੇ।
ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ।
ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ।
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ।
ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ। [11]

ਗੁਰਮਤਿ ਦੇ ਪ੍ਰਚਾਰ ਲਈ ਗੁਰੂਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ, ਗੁਰੂਰਾਮਦਾਸ ਜੀ ਨੇ ਅੰਮ੍ਰਿਤਸਰ, ਗੁਰੂਅਰਜਨ ਦੇਵ ਜੀ ਨੇ ਤਰਤਤਾਰਨ ਸਾਹਿਬ ਨੂੰ ਵਿਕਸਿਤ ਕੀਤਾ। ਗੁਰੂਹਰਗੋਬਿੰਦ ਸਾਹਿਬ ਕਰਤਾਰਪੁਰ (ਭਾਰਤੀ ਪੰਜਾਬ), ਗੁਰੂਗੋਬਿੰਦ ਸਿੰਘ ਦੁਆਰਾ ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ, ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਪਾਉਂਟਾ ਸਾਹਿਬ, ਹਜੂਰ ਸਾਹਿਬ (ਨੰਦੇੜ) ਵਿਖੇ ਗੁਰੂਘਰਾਂ ਦੇ ਰੂਪ ਵਿੱਚ ਸਿੱਖੀ ਦੇ ਪਰਚਾਰ ਕੇਂਦਰ ਸਥਾਪਤ ਕੀਤੇ। ਇਨ੍ਹਾਂ ਸਥਾਨਾਂ ਤੇ ਕੀਰਤਨ ਨੂੰ ਦੈਨਿਕ ਮਰਿਆਦਾ ਦਾ ਪ੍ਰਮੁੱਖ ਅੰਗ ਬਣਾਇਆ । ਗੁਰ ਦਰਬਾਰ ਦਾ ਆਰੰਭ ਅਤੇ ਸਮਾਪਤੀ ਸ਼ਬਦ ਕੀਰਤਨ ਰਾਹੀ ਕੀਤੀ ਜਾਂਦੀ ਸੀ। ਗੁਰੂ ਰਾਮ ਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ-

ਗਾਵਹਿ ਸਬਦ ਰਬਾਬੀ ਰਾਗਿ।
ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬ ਹੋਵਤਿ ਭੋਰ।
ਆਵਹਿ ਸਿਖ ਕਰਹਿ ਬਹੁ ਜੋਰ।
ਬਿਚ ਰਾਗਨ ਕੇ੍ ਬਦ ਬਨਾਵਹਿ।
ਮਧੁਰ ਮਧੁਰ ਮੁਖ ਤੇ ਧੁਲ ਗਾਵਹਿਂ। [12]

ਗੁਰੂਰਾਮਦਾਸ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇ ਰਬਾਬੀਆਂ ਨੇ ਧੰਨ ਧੰਨ ਰਾਮਦਾਸ ਗੁਰ ਜਿਲਿ ਸਿਰਿਆ ਤਿਨੇ ਸਵਾਰਿਆ ਪਉੜੀ ਦਾ ਗਾਇਨ ਕੀਤਾ।

ਜਦੋਂ ਗੁਰੂਅਰਜਨ ਦੇਵ ਦੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਭਾਈ ਸੱਤਾ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂ ਜੀ ਬਾਰੇ ਪੌੜੀ ਉਚਾਰੀ। ਵਿੱਚ ਲਿਖਿਆ ਹੈ-

ਬਲਵੰਡ ਪੁਤਰ ਸਤਾ ਤਹ ਆਇਆ।

ਆਨ ਹਜੂਰ ਰਬਾਬ ਵਜਾਇਆ।
ਗੁਰ ਉਸਤਤ ਕਰਿ ਗਾਵਨ ਲਾਗਾ।
ਕਰੈ ਭਜਨ ਪ੍ਰੇਮ-ਰਸ ਪਾਗਾ।
ਪਉੜੀ ਕਰ ਉਸਤਤ ਮੁਖਿ ਗਾਈ।
ਟਿੱਕੇ ਕੀ ਵਾਰ ਮਾਹਿ ਲਾਈ।
ਸਤਿਗੁਰ ਤਾ ਪਰ ਕ੍ਰਿਪਾ ਕਰੀ।
ਸੰਗ ਵਾਰ ਲਗਾਇ ਗ੍ਰਿੰਥ ਲਿਖ ਧਰੀ। [13]

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ

ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂ ਜਸ ਗਾਇਨ ਕਰਨ ਦਾ ਸੁਭਾਗ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।ਭਾਈ ਸੱਤਾ ਅਤੇ ਭਾਈ ਬਲਵੰਡ ਸੁਭਾਗ ਵੀ ਪ੍ਰਾਪਤ ਹੋਇਆ ਕਿ ਉਹਨਾਂ ਦੁਆਰਾ ਰਚੀ ਵਾਰ ਨੂੰ ਗੁਰੂਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦਿਤਾ ਗਿਆ। -

ਜਿੰਹ ਨਰ ਕਉ ਜਗ ਕੋਊਨ ਜਾਨੈ।
ਨਾਮ ਜਪਤ ਸੇ ਚਹੁੰ ਕੁੰਟ ਮਾਨੈ।
ਸਤਾ ਅਰੁ ਬਲਵੰਡ ਮਿਰਾਸੀ।
ਤਾਕੀ ਕਟੀ ਗੁਰੁ ਭਵ ਫਾਸੀ।
ਤਿਨਹਿੰ ਵਾਰ ਗੁਰ ਉਪਮ ਉਚਾਰੀ।
ਸ੍ਰੀ ਗ੍ਰੰਥ ਮਹਿ ਲਿਖ ਗੁਰ ਧਾਰੀ। [14]

ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਵਾਲੀ ਸਾਖੀ ਨੂੰ ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਸਾਖੀ ਨਾਲ ਜੋੜਦਾ ਹੈ। ਇੱਕ ਸਮੇ ਭਾਈ ਮਰਦਾਨਾ ਅਤੇ ਦਾਲਾ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਨੂੰ ਆਪਣੀ ਗਾਇਨ ਕਲਾ ਤੇ ਹੰਕਾਰ ਹੋ ਗਿਆ ਉਦੋਂ ਗੁਰੂਨਾਨਕ ਦੇਵ ਜੀ ਨੇ ਇਹ ਭਵਿਖ ਬਾਣੀ ਕੀਤੀ ਸੀ ਕਿ ਸਾਡੇ ਪੰਜਵੇਂ ਜਾਮੇ ਵਿੱਚ ਤੁਸੀ ਅਵੱਗਿਆ ਕਰੋਗੇ -

ਏਕ ਅਨੀਹ ਰੂਪ ਗੁਰੂਨਾਨਕ।
ਰਾਵੀ ਤਟ ਬੈਠੇ ਸੁਖ ਖਾਨਕ।
ਦਾਲ ਡੂਮ ਸਾਥ ਮਰਦਾਨੇ।
ਢੂੰਢਤ ਆਏ ਗੁਰੁ ਨਿਕਟਾਨੇ।
ਮਰਦਾਨੇ ਕੋ ਤਬ ਗੁਰ ਕਹਾ।

ਰਬਾਬ ਬਜਾਵੋ ਰਾਗ ਸੁ ਗਹਾ।
ਰਬਾਬ ਬਜਾਯੋ ਤਿੰਹ ਬਡ ਭਾਗੇ।
ਆਪ ਦਾਲੇ ਸਿਉ ਗਾਵਨਿ ਲਾਗੇ।
ਘੜੀ ਜੁਗਲ ਦਿਨ ਜਬੈ ਰਹਾਈ।
ਆਸਾ ਰਾਗਨੀ ਸ੍ਰੀ ਗੁਰ ਗਾਈ।
ਸੁਨਤ ਰਾਗ ਪੰਛੀ ਮ੍ਰਿਗ ਮੋਹੈ।
ਬੈਰ ਭਾਵ ਨਿਜ ਮਨ ਨਹੀਂ ਜੋਹੈ।
ਮਾਨ ਕੀਓ ਮਰਦਾਨੇ ਦਾਲੇ।
ਮ੍ਰਿਗ ਪੰਛੀ ਮੋਹ ਹਮ ਖਿਆਲੇ।
ਗੁਰੁ ਨਾਨਕ ਤਬ ਮੋਨ ਸੁਧਾਰੀ।
ਦਾਲੇ ਕਹਿਓ ਮੋਨ ਕਿਮ ਸਾਰੀ।-----
ਸ੍ਰੀ ਗੁਰੂ ਨਾਨਕ ਤਬ ਕਹਾ ਤੁਮੈ ਮਾਨ ਅਬ ਕੀਨ।
ਮਾਨ ਸਹਿਤਿ ਕਲਿਆਨ ਨਹਿੰ ਕਰੋ ਜਤਨ ਚਿਤ ਚੀਨ।
ਤਬ ਦੁਹੁੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।
ਸ੍ਰੀ ਗੁਰ ਨਾਨਕ ਤਬ ਕਹਾ ਲਿਖਾ ਇਹੀ ਬਿਧ ਭਾਲ। [15]

ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸਿੱਖ ਭਾਈ ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਨੂੰ ਵੀ ਗੁਰੂ ਦੇ ਚੋਜ ਹੀ ਗਿਣਦੇ ਸਨ। ਗੁਰੂ ਸਾਹਿਬ ਆਪਣੀਆਂ ਸਿੱਖਿਆਵਾਂ ਦ੍ਰਿੜ ਕਰਵਾਉਣ ਲਈ ਅਜਿਹੀਆਂ ਘਟਨਾਵਾਂ ਰਚਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਲਿੱਖ ਦਿੱਤਾ-

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨਾ ਹਾਰੇ।[16]

ਤਾਂ ਗੁਰੂਅਰਜਨ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਹ ਤੁਕ ਕਿਸੇ ਹੰਕਾਰ ਵਿੱਚੋਂ ਪ੍ਰਗਟ ਹੋਈ ਹੈ। ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਸਿੱਖਿਆ ਦੇਣ ਲਈ ਇੱਕ ਕੌਤਕ ਦੀ ਰਚਨਾ ਕੀਤੀ। ਜਦੋਂ ਭਾਈ ਸਾਹਿਬ ਉਸ ਸਮੇਂ ਮਜਬੂਰ ਹੋ ਕੇ ਤਾਂ ਉਹਨਾਂ ਨੂੰ ਇਹ ਕਹਿਣਾ ਪਿਆ -

ਜੇ ਗੁਰ ਭਾਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।[17]

ਗੁਰੂਹਰਿਗੋਬਿੰਦ ਜੀ ਸੱਤਾ ਅਤੇ ਬਲਵੰਡ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਸੱਤਾ ਅਤੇ ਬਲਵੰਡ ਦਾ ਦੇਹਾਂਤ ਹੁੰਦਾ ਹੈ ਤਾਂ ਆਪ ਵੈਰਾਗ ਵਿੱਚ ਆ ਜਾਂਦੇ ਹਨ। ਗੁਰ ਬਿਲਾਸ ਪਾਤਸ਼ਾਹੀ 6 ਵਿੱਚ ਸੱਤਾ ਅਤੇ ਬਲਵੰਡ ਦੇ ਦੇਹਾਂਤ ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:

ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:

ਬਲਵੰਡ ਸੱਤਾ ਮਨ ਮੈਂ ਸੁਖ ਧਰੈਂ।
ਹਰਿ ਗੋਵਿੰਦ ਢਿਗ ਕੀਰਤਨ ਕਰੈਂ।

ਏਕ ਦਿਵਸ ਬਹੁ ਕੀਰਤਨ ਕੀਨੇ।
ਗੁਰ ਬਪ ਦੇਖ ਹਰਖ ਮਨ ਲੀਨੋ।।
ਅੰਤ ਸਮਾ ਅਪਨਾ ਦ੍ਰਿਸ਼ਟਾਯੋ।
ਸ੍ਰੀ ਗੁਰੁ ਨਾਨਕ ਬੋਲ ਪਠਾਯੋ।
ਸ੍ਰੀ ਚੰਦ ਪੁਨ ਲਖਮੀ ਦਾਸ।
ਮਹਾਂ ਦੇਵ ਦਾਸੁਸੁਖ ਰਾਸ।।
ਦੋਹਰਾ- ਗੁਰੁ ਨਾਨਕ ਲੇਵਨ ਪਠੇ ਏਹੁ ਚਾਰੋਂ ਤਬ ਆਇ।
ਬਲਵੰਡ ਸਤੈ ਕੌ ਦਰਸ ਦੈ ਐਸੇ ਕਹਾ ਸੁਨਾਇ।।
ਚੌਪਈ- ਗੁਰ ਨਾਨਕ ਜੀ ਤੁਮੈਂ ਬੁਲਾਯੋ।
ਸ੍ਰਾਪ ਪੁਰ ਜਸ ਤੋਰ ਮਹਾਯੋ।
ਬਲਵੰਡ ਸੱਤੇ ਤਿੰਹ ਬੰਦਨ ਧਾਰ।
ਹਰਗੋਬਿੰਦ ਕੋ ਦੀਓ ਦਿਦਾਰ।।
ਗੁਰ ਮੂਰਤ ਮਨ ਮੈਂ ਦ੍ਰਿੜ ਕੀਨੀ।
ਸੱਤਨਾਮ ਕਹ ਬਪ ਤਜ ਦੀਨੀ।
ਬਲਵੰਡ ਮਰਦਾਨੇ ਕਾ ਤਨ ਪਾਯੋ।
ਸੁਰ ਸੁੰਦਰ ਅਤ ਰੂਪ ਸੁਹਾਯੋ।।
ਦੋਹਰਾ- ਦਾਲੇ ਬਪੁ ਸੁੰਦ੍ਰ ਲੀਓ ਸੁੰਦ੍ਰ ਦੇਵ ਅਪਾਰ।
ਲਲਤ ਯਾਨ ਦੋਊਚੜ੍ਹੈ ਗੁਰੁ ਸੁਤ ਸੰਗ ਸਿਧਾਰ।।
ਚੌਪਈ- ਗੁਰ ਨਾਨਕ ਕੇ ਧਾਮ ਸਿਧਾਏ।
ਦਾਲਾ ਮਰਦਾਨਾ ਹਰਖਾਏ।
ਆਗੇ ਦੇਖੀ ਸਭਾ ਅਪਾਰ।
ਪੰਚ ਗੁਰੁ ਬੈਠੇ ਨਿਰਧਾਰ।
ਗੁਰ ਸੁਤ ਗੁਰੁ ਕੇ ਨਿਕਟ ਸੁਜਾਏ।
ਅਯੋ ਮਰਦਾਨਾ ਕਹਿਆ ਸੁਨਾਏ।
ਇਨ ਦੂਹਨ ਬਹੁ ਬੰਦਨ ਕੀਨੀ।
ਪੰਚ ਗੁਰੂਪੈ ਹੋਇ ਅਧੀਨੀ। 806
ਦੋਹਰਾ- ਗੁਰ ਨਾਨਕ ਆਦਰ ਕੀਓ ਮਰਦਾਨੇ ਕੌ ਜਾਨ।
ਮਮ ਪ੍ਰੀਤਮ ਆਯੋ ਅਬੈ ਭਾਖਿਓ ਕ੍ਰਿਪਾ ਨਿਧਾਨ।
ਚੌਪਈ- ਸ੍ਰਾਪ ਮੇਟ ਮਰਦਾਨਾ ਆਯੋ।

ਦਾਲਾ ਜਾਕੈ ਸੰਗ ਸੁਹਾਯੋ।
ਦੁਹਨ ਕੋ ਆਸਨ ਗੁਰੁਦੀਨੋ।
ਬੈਠੇ ਧਾਰ ਹਰਖ ਸੁਖ ਲੀਨੇ।।
ਪਾਛੇ ਹਰ ਗੋਬਿੰਦ ਕਰ ਐਸੇ।
ਮ੍ਰਿਤਕ ਤਨ ਕ੍ਰਿਯਾ ਥੀ ਜੈਸੇ।
ਰਬਾਬੀ ਬਾਬਕ ਨਿਕਟ ਬੁਲਾਯੋ।
ਤੁਮਹੌਂ ਆਦੀ ਕਹਿ ਸਮਝਾਯੋ।।
ਦੋਹਰਾ- ਮ੍ਰਿਤ ਰੀਤ ਜੌ ਤੋਹਿ ਮੈਂ ਕਰੋ ਸੋਇ ਮਨ ਲਾਇ।।
ਬਾਬਕ ਸ੍ਰੀ ਗੁਰ ਬੈਨ ਸੁਨ ਕੀਨ ਰੀ ਸੋ ਭਾਇ।
ਚੌਪਈ- ਬਲਵੰਡ ਸਤੇ ਕੀ ਦੇਹ ਉਠਾਇ।
ਰਾਵੀ ਤਟ ਦਾਬੀ ਹਿਤ ਲਾਇ।
ਕਬਰ ਬਨਾਇ ਆਇ ਪੁਨ ਤਹਾ।
ਹਰਿ ਗੁਵਿੰਦ ਗੁਰ ਇਸਥਿਤ ਜਹਾਂ।
ਕੀਰਤਨ ਤਾਹਿ ਗੁਰੂਮਨ ਲਾਯੋ।
ਨੈਨਨ ਨੀਰ ਰੁਮਾਲ ਹਟਾਯੋ।
ਬਾਬਕ ਕੌ ਪੁਨ ਯੌਂ ਫੁਰਮਾਇ।
ਕੀਰਤਨ ਕਰੋ ਰਬਾਬ ਬਜਾਇ।।
ਦੋਹਰਾ- ਬਾਬਕ ਤਬ ਕੀਰਤਨ ਕਰੈ ਸੁੰਦਰ ਲਗੈ ਦਿਵਾਨ।।
ਕਵ ਬਿਨਤੀ ਗਾਥਾ ਅਧਕ ਕਹਤਕ ਲਿਖੋਂ ਅਜਾਨ।।[18]

ਇਸ ਤਰ੍ਹਾਂ ਬਲਵੰਡ ਰਬਾਬੀ ਦੀ ਇਤਿਹਾਸਕ ਕਥਾ ਸਿੱਖ ਇਤਹਾਸ ਅਤੇ ਖਾਸ ਕਰਕੇ ਗੁਰਮਤਿ ਸੰਗੀਤ ਦਾ ਇੱਕ ਸੁਨਹਿਰੀ ਪੰਨਾ ਹੈ। ਜਿਸਨੂੰ ਪਿਆਰ ਅਤੇ ਸ਼ਰਧਾ ਨਾਲ ਵਾਚਣ ਦੀ ਲੋੜ ਹੈ। ਇਹਨਾਂ ਰਬਾਬੀਆਂ ਬਾਰੇ ਨਿੰਦਾ ਭਰਪੂਰ ਘਟਨਾਵਾਂ ਦਾ ਬਹੁਤਾ ਜ਼ਿਕਰ ਕਰਕੇ ਉਹਨਾਂ ਦੀ ਮਹਾਨਤਾ ਨੂੰ ਘਟਾਉਣ ਤੋਂ ਗੁਰੇਜ਼ ਕਰਨਾਂ ਚਾਹੀਦਾ ਹੈ।

1-ਗੁਰ ਬਿਲਾਸ ਪਾਤਸ਼ਾਹੀ 6 ਪੰਜਾਬੀ ਯੂਨੀਵਰਸਿਟੀ, ਪਟਿਆਲਾ
2- ਮਹਿਮਾ ਪ੍ਰਕਾਸ਼ ,ਭਾਸ਼ਾ ਵਿਭਾਗ ਪੰਨਾ
3- ਮਹਿਮਾ ਪ੍ਰਕਾਸ਼, ਵਾਰਤਕ , ਸਿੰਘ ਬ੍ਰਦਰਜ਼ ਅੰਮ੍ਰਿਤਸਰ 2004
4- ਮਹਿਮਾ ਪ੍ਰਕਾਸ਼, ਵਾਰਤਕ ਪੰਨਾ 55
5- ਮਹਿਮਾ ਪ੍ਰਕਾਸ਼, ਵਾਰਤਕ ਪੰਨਾ 57
6- ਮਹਿਮਾ ਪ੍ਰਕਾਸ਼, ਪੰਨਾ 60-61

7- ਮਹਿਮਾ ਪ੍ਰਕਾਸ਼, ਪੰਨਾ 132
8- ਮਹਿਮਾ ਪ੍ਰਕਾਸ਼, ਪੰਨਾ 149
9- ਮਹਿਮਾ ਪ੍ਰਕਾਸ਼, ਵਾਰਤਕ
10- ਗੁਰ ਪ੍ਰਤਾਪ ਸੂਰਜ
11- ਗੁਰ ਪ੍ਰਤਾਪ ਸੂਰਜ
12- ਗੁਰ ਪ੍ਰਤਾਪ ਸੂਰਜ
13- ਮਹਿਮਾ ਪ੍ਰਕਾਸ਼, ਭਾਖਾ ਵਿਭਾਗ, ਪੰਨਾ 313
14- ਗੁਰ ਬਿਲਾਸ ਪਾਤਸ਼ਾਹੀ 6 , ਪੰਨਾ 130, ਪੰਜਾਬੀ ਯੂਨੀਵਰਸਿਟੀ, ਪਟਿਆਲਾ
15- ਮਹਿਮਾ ਪ੍ਰਕਾਸ਼
16- ਵਾਰ ਭਾਈ ਗੁਰਦਾਸ ਜੀ
17- ਵਾਰ ਭਾਈ ਗੁਰਦਾਸ ਜੀ
18- ਗੁਰ ਬਿਲਾਸ ਪਾਤਸ਼ਾਹੀ 6

## ਜਰੂਰੀ ਬੇਨਤੀ :

**ਮੇਰੀ ਨਿਜੀ ਲਾਈਬਰੇਰੀ ਵਿਚੋਂ ਕੁੱਝ ਪੁਸਤਕਾਂ ਮੁਫ਼ਤ ਪ੍ਰਾਪਤ ਕਰਨ ਲਈ ਚਾਹਵਾਨ ਸੱਜਣ ਸੰਪਰਕ ਕਰਨ ।**

**ਡਾ. ਜਾਗੀਰ ਸਿੰਘ**
**ਮੋ: 98140-53630**

# ਗੁਰੂ ਨਾਨਕ ਬਾਣੀ ਵਿੱਚ ਭਗਤੀ ਦਾ ਸੰਕਲਪ

**ਡਾ. ਗੁਰਪ੍ਰੀਤ ਸਿੰਘ**

ਭਗਤੀ ਦੇ ਵਿਕਾਸ ਵਿਚ ਜੈਨ, ਬੋਧ, ਈਸਾਈ ਅਤੇ ਮੁਸਲਿਮ ਧਰਮ ਦਰਸ਼ਨ ਦਾ ਉੱਘਾ ਯੋਗਦਾਨ ਹੈ। ਇਨ੍ਹਾਂ ਵਿਭਿੰਨ ਧਾਰਮਿਕ ਧਰਾਵਾਂ ਦੇ ਸੁਮੇਲ ਨੇ ਭਗਤੀ ਨੂੰ ਡੂੰਘੀ ਅਤੇ ਗੰਭੀਰ ਬਣਾਇਆ ਹੈ। ਭਗਤੀ ਦੇ ਭਾਰਤੀ ਪਰਿਪੇਖ ਵਿੱਚ ਉਪਾਸਨਾ ਦੀ ਵਿਚਾਰਧਾਰਾ ਨੇ ਭਗਤੀ ਭਾਵਨਾ ਨੂੰ ਮੱਧਕਾਲ ਦੀ ਸਭ ਤੋਂ ਵੱਡੀ ਧਾਰਮਿਕ ਲਹਿਰ ਵਜੋਂ ਉਭਾਰਿਆ ਹੈ। ਉੱਤਰੀ ਭਾਰਤ ਵਿੱਚੋਂ ਗੁਰੂ ਨਾਨਕ ਹੀ ਭਗਤੀ ਧਾਰਾ ਦੇ ਸਭ ਤੋਂ ਉੱਘੇ ਸੰਸਥਾਪਕ ਹਨ ਜਿਨ੍ਹਾਂ ਦੀ ਰਚਿਤ ਬਾਣੀ ਵਿਚ ਨਿਰਗੁਣ ਧਾਰਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਗੁਰੂ ਨਾਨਕ ਦਾ ਮਤ ਸਾਰੀ ਅਧਿਆਤਮਕਤਾ ਵਾਂਗ ਪ੍ਰਭੂ ਵਿਸ਼ਵਾਸੀ ਅਤੇ ਆਸਤਿਕ ਹੈ। ਇਸ ਵਿਚ ਪਰਮਾਤਮਾ ਦੇ ਵਿਭਿੰਨ ਸੰਕਲਪਾਂ ਅਤੇ ਸਰੂਪਾਂ ਦਾ ਸੂਤਰਿਕ ਵਰਨਣ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਸਲੋਂ ਹੀ ਨਿਰਗੁਣੀ ਹੈ ਅਤੇ ਪਰਮਾਤਮਾ ਦੇ ਸਰੂਪ ਸੰਬੰਧੀ ਜਪੁਜੀ ਦੇ ਮੂਲ ਮੰਤਰ ਵਰਗੀ ਸੂਤਰਿਕ ਪਰਿਭਾਸ਼ਾ ਸ਼ਾਇਦ ਹੀ ਕਿਸੇ ਧਰਮ ਜਾਂ ਭਾਸ਼ਾ ਵਿੱਚੋਂ ਪ੍ਰਾਪਤ ਹੋਵੇ।

ਭਗਤੀ ਪ੍ਰਭੂ ਅਭੇਦਤਾ ਅਤੇ ਪ੍ਰਾਪਤੀ ਦਾ ਇੱਕ ਪ੍ਰਾਚੀਨ ਸਾਧਨ ਹੈ। ਗੁਰਮਤਿ ਅਨੁਸਾਰ ਭਗਤੀ ਦਾ ਆਰੰਭ ਸ੍ਰਿਸ਼ਟੀ ਦੀ ਰਚਨਾ ਤੋਂ ਹੀ ਹੋ ਜਾਂਦਾ ਹੈ ਕਿਉਂਕਿ ਪੌਣ-ਪਾਣੀ ਤੇ ਅਗਨੀ ਸਾਰੇ ਹੀ ਕਰਤਾ-ਪੁਰਖ ਦੇ ਹੁਕਮ ਵਿਚ ਚੱਲ ਕੇ ਉਸਦੀ ਭਗਤੀ ਕਰ ਰਹੇ ਹਨ।

ਪਉਣ ਪਾਣੀ ਬੈਸੰਤਰੋ, ਹੁਕਮਿ ਕਰਹਿ ਭਗਤੀ ॥ (ਆਦਿ ਗ੍ਰੰਥ)

ਗੁਰਮਤਿ ਦੀ ਸ਼ਕਤੀ ਦਾ ਮੂਲ ਆਧਾਰ ਭਗਤੀ ਹੈ। ਭਗਤੀ ਦੇ ਸ਼ਾਬਦਿਕ ਅਰਥ ਅਰਾਧਨਾ, ਸੇਵਾ, ਸਿਮਰਨ, ਸੇਵਨ, ਸ਼ਰਧਾ, ਪ੍ਰੇਮ ਪਿਆਰ ਅਤੇ ਉਪਾਸਨਾ ਆਦਿ ਹਨ। ਅਰਬੀ ਫਾਰਸੀ ਭਾਸ਼ਾ ਵਿੱਚ ਭਗਤੀ ਸਾਧਨਾਂ ਲਈ ਬੰਦਗੀ, ਇਬਾਦਤ ਆਦਿ ਸ਼ਬਦ ਪ੍ਰਚਲਿੱਤ ਹੋਏ। ਅਧਿਆਤਮਕ ਅਰਥਾਂ ਵਿੱਚ ਭਗਤੀ ਪ੍ਰਭੂ ਦੀ ਸੇਵਾ, ਸਿਮਰਨ, ਪੂਜਾ, ਭਜਨ, ਬੰਦਗੀ, ਨਾਮ ਅਤੇ ਲਿਵ ਵਿੱਚ ਰਹਿਣ ਵਾਲੀ ਮਨ ਦੀ ਬਿਰਤੀ ਹੈ। ਭਗਤੀ ਮਾਰਗ ਵਿੱਚ ਪ੍ਰਭੂ ਨੂੰ ਮਾਲਕ, ਸਾਹਿਬ, ਮਾਤਾ-ਪਿਤਾ ਅਤੇ ਪਤੀ ਆਦਿ ਦੇ ਪ੍ਰੇਮ ਦੇ ਭਾਵਾਂ ਨਾਲ ਮੇਲਿਆ ਜਾਂਦਾ ਹੈ। ਪ੍ਰਭੂ ਦੀ ਰਜ਼ਾ ਵਿੱਚ ਚੱਲਣਾ ਅਤੇ ਹੁਕਮ ਮੰਨਣਾ ਹੀ ਸ੍ਰੇਸ਼ਟ ਭਗਤੀ ਹੈ।

ਭਗਤੀ ਦਾ ਅਸਲ ਪ੍ਰਯੋਜਨ ਸਿਮਰਨ ਦੁਆਰਾ ਆਪਣੇ ਪ੍ਰੀਤਮ ਨਾਲ ਏਕਤਾ ਸਥਾਪਿਤ ਕਰਨਾ ਹੈ। ਭਗਤੀ ਦੇ ਅਨੇਕਾਂ ਸਹਾਇਕ ਸਾਧਨ ਮੰਨੇ ਜਾਂਦੇ ਹਨ। ਡਾ. ਜੈ ਰਾਮ ਮਿਸ਼ਰ ਅਨੁਸਾਰ "ਉਂਝ ਤਾਂ ਭਗਤੀ ਦੇ ਅਨੇਕ ਉਪਕਰਨ (ਸਾਧਨ) ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੇ ਹਨ ਪਰੰਤੂ ਜਿਨ੍ਹਾਂ ਸਾਧਨਾਂ ਉਤੇ ਗੁਰੂ ਸਾਹਿਬਾਨ ਦੀ ਵਿਆਪਕ ਦ੍ਰਿਸ਼ਟੀ ਪਈ ਹੈ ਉਹ ਇਹ ਹਨ: ਗੁਰੂ ਦੀ ਕਿਰਪਾ, ਨਾਮ, ਸਾਧ-ਸੰਗਤ, ਹੁਕਮ, ਦ੍ਰਿੜ ਵਿਸ਼ਵਾਸ, ਆਤਮ-ਸਮਰਪਣ, ਸਿਮਰਨ-ਕੀਰਤਨ ਅਤੇ ਪ੍ਰਭੂ ਕ੍ਰਿਪਾ।"[1]

ਸਾਥ, ਮਿਲਾਪ, ਸੰਬੰਧ, ਸੰਗਤ, ਰਿਸ਼ਤਾ ਅਤੇ ਸਭਾ ਆਦਿ ਗੁਰਮਤਿ ਵਿਚ ਆ ਕੇ ਸਾਧ-ਸੰਗਤ ਅਤੇ ਸਤਿ-ਸੰਗਤ ਦਾ ਸਰੂਪ ਪ੍ਰਾਪਤ ਕਰ ਲੈਂਦੀ ਹੈ। ਡਾ. ਦਰਸ਼ਨ ਸਿੰਘ ਅਨੁਸਾਰ, " ਬਹੁਤੇ ਭਗਤੀ

ਗਰੰਥਾਂ ਵਿੱਚ ਉਨ੍ਹਾਂ ਲੋਕਾਂ ਦੀ ਸੰਗਤ ਤੋਂ ਪ੍ਰਹੇਜ਼ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ, ਜਿਹੜੇ ਹਰ ਵੇਲੇ, ਹਰ ਸਮੇਂ ਇੰਦਰਿਆਵੀ ਸੁਖਾਂ ਦੀ ਪ੍ਰਾਪਤੀ ਲਈ ਮਸਰੂਫ ਰਹਿੰਦੇ ਹਨ ਅਤੇ ਜਿਨ੍ਹਾਂ ਦਾ ਆਪਾ ਇਸ ਤਰ੍ਹਾ ਹਨੇਰੇ ਵਿੱਚ ਗਲੇਫਿਆ ਹੁੰਦਾ ਹੈ ਕਿ ਉਹ ਅਧਿਆਤਮਕਤਾ ਦਾ ਪ੍ਰਕਾਸ਼ ਕਦੇ ਵੀ ਨਹੀਂ ਵੇਖ ਸਕਦੇ। ਇਸ ਦੇ ਉਲਟ ਪਾਰਬ੍ਰਹਮ ਪਰਮਾਤਮਾ ਦੀ ਯਾਦ ਵਿੱਚ ਰੁੱਝੇ ਰਹਿਣ ਵਾਲੇ ਆਪਣੀ ਅੰਤਰ-ਆਤਮਾ ਦਾ ਆਨੰਦ ਮਾਣਦੇ ਹੋਏ ਸ਼ੁੱਧ ਹੋ ਜਾਂਦੇ ਹਨ। "[2] ਗੁਰਮਤਿ ਵਿੱਚ ਸਤਿ-ਸੰਗਤ ਦੇ ਮਹੱਤਵ ਨੂੰ ਬਿਆਨਦੇ ਹੋਏ ਸਤਿ-ਪੁਰਖਾਂ ਦੀ ਸੰਗਤ ਨੂੰ ਉੱਤਮ ਦਰਸਾਇਆ ਹੈ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ (ਆਦਿ ਗ੍ਰੰਥ)

ਇਸ ਸਤਿ-ਸੰਗ ਰਾਹੀਂ ਹੀ ਪ੍ਰਭੂ ਦਾ ਨਾਮ ਜਪਣ ਦੁਆਰਾ ਸੰਸਾਰਿਕ ਪਦਾਰਥਾਂ ਅਤੇ ਮਾਇਆ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ।

ਭਾਈ ਰੇ ਸੰਤ ਜਨਾ ਕੀ ਰੇਣ ॥

ਸੰਗਤ ਸਭਾ ਗੁਰੂ ਪਾਈਐ ਮੁਕਤਿ ਪਦਾਰਥੁ ਧੇਣ ॥ (ਸ੍ਰੀ ਰਾਗਮ.1)

ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥

ਸੰਤ ਭਗਤ ਕੀ ਸੰਗਤਿ ਰਾਮੁ ॥ (ਆਸਾ ਮਹਲਾ 1)

ਗੁਰਮਤਿ ਅਨੁਸਾਰ ਸਤਿ-ਸੰਗਤ ਵਿੱਚ ਪ੍ਰਮਾਤਮਾ ਦਾ ਵਾਸ ਹੈ। ਜਦ ਸਤਿ-ਸੰਗਤ ਨਾਲ ਹਉਮੈ ਦੀ ਮੈਲ ਉਤਰਦੀ ਹੈ, ਤਦ ਜੀਵ ਨਾਮ ਰੂਪੀ ਜਹਾਜ਼ ਤੇ ਬੈਠ ਕੇ ਇਸ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਸਤਿ-ਸੰਗ ਨੂੰ ਭਗਤੀ ਦਾ ਇੱਕ ਮਹਾਨ ਸਾਧਨ ਮੰਨਿਆ ਗਿਆ ਹੈ।

ਸ਼੍ਰਵਣ (ਸੁਣਨਾ) ਭਗਤੀ ਦੀ ਪਉੜੀ ਦਾ ਪਹਿਲਾ ਡੰਡਾ ਸਵੀਕਾਰਿਆ ਗਿਆ ਹੈ। ਵਿਵੇਕਾਨੰਦ ਅਨੁਸਾਰ, "ਪਹਿਲਾ ਸੁਣਨਾ ਹੁੰਦਾ ਹੈ, ਫੇਰ ਵਿਚਾਰ ਕੇ ਉਸ ਨੂੰ ਮੰਨਣਾ ਤੇ ਫੇਰ ਉਸ ਦਾ ਅਭਿਆਸ।"[3] ਸੁਣਨ ਨਾਲ ਹੀ ਪ੍ਰਭੂ ਪ੍ਰਤੀ ਜਗਿਆਸਾ ਅਤੇ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਕੇ ਉਸ ਪ੍ਰਤੀ ਭਗਤੀ ਦੀ ਭਾਵਨਾ ਪੈਦਾ ਹੁੰਦੀ ਹੈ। ਇਥੋਂ ਤਕ ਕਿ ਵੇਦਾਂ ਦਾ ਜਨਮ ਵੀ ਸ਼੍ਰਵਣ ਤੋਂ ਹੀ ਹੋਇਆ ਮੰਨਿਆ ਗਿਆ ਹੈ। ਹਰੇਕ ਕਾਰਜ ਵਿੱਚ ਸਫਲਤਾ ਤੇ ਮੁਹਾਰਤ ਸੁਣ ਕੇ, ਮੰਨ ਕੇ ਅਤੇ ਨਿਰੰਤਰ ਅਭਿਆਸ ਰਾਹੀਂ ਹੀ ਪ੍ਰਾਪਤ ਹੁੰਦੀ ਹੈ।ਇਸ ਲਈ ਹਰ ਪ੍ਰਕਾਰ ਦੇ ਸਿਖਿਆਰਥੀ ਤੇ ਸਾਧਕ ਲਈ ਸ਼੍ਰਵਣ (ਸੁਣਨ), ਮੰਨਣ ਅਤੇ ਨਿਧਿਆਸਨ ਤਿੰਨ ਪਰਸਪਰ ਸੰਬੰਧਤ ਪੜਾਅ ਸਵੀਕਾਰੇ ਗਏ ਹਨ।ਉਪਨਿਸ਼ਦਾਂ ਵਿੱਚ ਧਾਰਮਿਕ ਚੇਤੰਨਤਾ ਦੇ ਵਿਕਾਸ ਦੇ ਸ਼੍ਰਵਣ, ਮੰਨਣ ਅਤੇ ਨਿਧਿਆਸਨ ਤਿੰਨ ਪੜਾਅ ਦੱਸੇ ਹਨ।[4]ਇਨ੍ਹਾਂ ਤਿੰਨਾਂ ਪੜਾਵਾਂ ਨੂੰ ਮਹਲ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ ਜਿਸ ਵਿਚ ਸ਼੍ਰਵਣ ਮਹਲ ਦੀਆਂ ਨੀਹਾਂ ਹਨ, ਮੰਨਣ ਥੰਮ ਹੈ ਜਿਸ ਉੱਤੇ ਨਿਧਿਆਸਨ ਦੀ ਛੱਤ ਟਿਕਦੀ ਹੈ। ਪ੍ਰਮਾਤਮਾ ਦਾ ਨਾਮ, ਜਸ, ਮਹਿਮਾ, ਮਹੱਤਵ ਅਤੇ ਉਸਦੀ ਅਸੀਮ ਤੇ ਅਪਾਰ ਸ਼ਕਤੀ ਸੰਬੰਧੀ ਵਿਸ਼ਵਾਸ ਤੇ ਸ਼ਰਧਾ ਪੂਰਵਕ ਰੁਚੀ ਨਾਲ ਸੁਣਨਾ ਹੀ ਸ਼੍ਰਵਣ ਭਗਤੀ ਹੈ। ਮੰਨਨ ਵਿਚ ਵਿਸ਼ਵਾਸ ਤੇ ਸ਼ਰਧਾ ਦਾ ਅੰਸ਼ ਹੈ ਅਤੇ ਇਸ ਉੱਤੇ ਅਮਲ ਕਰਨਾ ਨਿਧਿਆਸਨ ਹੈ। ਇਸ ਤਰ੍ਹਾ ਸ਼੍ਰਵਣ ਭਗਤੀ ਪ੍ਰਭੂ ਦੇ ਨਾਮ ਅਤੇ ਗੁਣ ਨੂੰ ਸੁਣਨ ਨੂੰ ਕਹਿੰਦੇ ਹਨ। ਪਰੰਤੂ ਇਸ ਦਾ ਮਹਾਤਮ ਸੁਣ ਕੇ ਮੰਨਣ ਅਤੇ ਉਸ ਉਤੇ ਅਮਲ ਕਰਨ ਵਿੱਚ ਹੈ। ਡਾ. ਦਰਸ਼ਨ ਸਿੰਘ ਅਨੁਸਾਰ, "ਗੁਰਮਤਿ ਵਿੱਚ ਸ਼੍ਰਵਣ ਦੇ ਸੰਕਲਪ ਦੇ ਅੰਤਰਗਤ ਸੱਤ ਸਾਧਨ ਅਥਵਾ ਮਾਧਿਅਮ ਹਨ: ਗੁਰੂ, ਸ਼ਰਧਾ,

ਸੰਗਤ, ਅਰਦਾਸ, ਪਾਠ, ਕੀਰਤਨ,ਹੁਕਮ ਅਤੇ ਰਜ਼ਾ। "[5]

ਗੁਰੂ ਤੋਂ ਸ਼ਰਧਾ ਪੂਰਵਕ ਸੁਣਨਾ ਪਹਿਲਾ ਕਦਮ ਹੈ ਅਤੇ ਜਪੁਜੀ ਬਾਣੀ ਵਿੱਚ ਇਸ ਦਾ ਵਿਸਥਾਰ ਪੂਰਵਕ ਵਰਣਨ ਹੈ। ਜਪੁਜੀ ਦੀਆਂ ਅੱਠ ਤੋਂ ਗਿਆਰਾਂ ਪਉੜੀਆਂ ਸੁਣਨ ਦੇ ਮਹੱਤਵ ਨਾਲ ਸੰਬੰਧਿਤ ਹਨ। ਅੱਠਵੀਂ ਪਉੜੀ ਵਿੱਚ ਭੌਤਿਕ ਸੰਸਾਰ ਸੰਬੰਧੀ ਜਿਹੜਾ ਗਿਆਨ ਸਿੱਧਾਂ, ਪੀਰਾਂ ਅਤੇ ਦੇਵਤਿਆਂ ਨੂੰ ਧਰਤੀ, ਆਕਾਸ਼, ਪਾਤਾਲ ਸੰਬੰਧੀ ਹੈ, ਉਹ ਸਾਰਾ ਗਿਆਨ ਸ਼੍ਰਵਣ ਕਰਨ ਨਾਲ ਹੋ ਜਾਂਦਾ ਹੈ। ਸੁਣਨ ਨਾਲ ਹੀ ਸਤਿ ਸੰਤੋਖ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ " ਗਾਵੀਐ, ਸੁਣੀਐ ਮਨਿ ਰਖੀਐ ਭਾਉ। "

ਸ਼੍ਰਵਣ ਤੋਂ ਅਗਲੇਰਾ ਪੜਾਅ ਮੰਨਣ ਦਾ ਹੈ। ਸੁਣਕੇ ਮੰਨਣ ਨਾਲ ਅਜਿਹਾ ਗਿਆਨ ਪ੍ਰਾਪਤ ਹੁੰਦਾ ਹੈ ਜੋ ਸ਼ਰਧਾ ਨੂੰ ਪਰਿਪੱਕਤਾ ਪ੍ਰਦਾਨ ਕਰਦਾ ਹੈ।ਸੁਣੀਐ ਤੋਂ ਮਗਰੋਂ ਜਪੁਜੀ ਵਿੱਚ ਬਾਰਾਂ ਤੋਂ ਪੰਦਰਾਂ ਤੱਕ ਚਾਰ ਪਉੜੀਆਂ ਮੰਨੈ ਦੀਆਂ ਆਉਦੀਆਂ ਹਨ।ਪਰਮਾਤਮਾ ਦੇ ਨਾਮ ਨੂੰ ਮੰਨਣ ਨਾਲ ਮਨ ਅਤੇ ਬੁੱਧੀ ਵਿਚ ਬੁਰੇ ਅਤੇ ਭਲੇ ਨੂੰ ਪਛਾਨਣ ਦੀ ਸ਼ਕਤੀ ਅਤੇ ਸੰਪੂਰਨ ਬ੍ਰਹਿਮੰਡ ਨੂੰ ਸਮਝਣ ਦੀ ਸੋਝੀ ਆ ਜਾਦੀ ਹੈ। ਮਨੋਵਿਗਿਆਨ ਅਨੁਸਾਰ ਜਿਥੇ ਸੁਣਨਾ, ਬਾਹਰਲੀ ਉਪਭਾਵੁਕਤਾ ਕਰਕੇ ਹੁੰਦਾ ਹੈ ਭਾਵ ਬਾਹਰਲੀ ਥਰਥਰਾਹਟ ਨੂੰ ਕੰਨ ਦੀ ਸ਼੍ਰਵਣ-ਨਾੜੀ ਗ੍ਰਹਿਣ ਕਰਦੀ ਹੈ, ਜਿਸ ਨੂੰ ਬੁੱਧੀ ਅੱਗੇ ਅਰਥਾਂ ਵਿੱਚ ਤਬਦੀਲ ਕਰ ਲੈਂਦੀ ਹੈ, ਪਰੰਤੂ ਮੰਨਣਾ ਇੱਕ ਅੰਤਰ-ਆਤਮਿਕ ਕਿਰਿਆ ਹੈ।

ਉਪਨਿਸ਼ਦਾਂ ਵਿਚ ਸ਼੍ਰਵਣ ਅਤੇ ਮੰਨਣ ਤੋਂ ਬਾਅਦ ਨਿਧਿਆਸਨ ਪੜਾਅ ਦਾ ਵਰਨਣ ਆਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵਾਰ-ਵਾਰ ਚਿੱਤ ਨੂੰ ਧਿਆਨ ਵਿੱਚ ਲਾਉਣ ਨੂੰ ਨਿਧਿਆਸਨ ਕਿਹਾ ਹੈ।[6] ਭਾਵੇਂ ਜਪੁਜੀ ਵਿੱਚ ਨਿਧਿਆਸਨ ਦਾ ਵੱਖਰਾ ਵਰਨਣ ਨਹੀਂ ਕੀਤਾ ਗਿਆ ਪਰ ਅਸਲ ਵਿੱਚ ਸ਼੍ਰਵਣ ਅਤੇ ਮੰਨਣ ਨਾਲ ਨਿਧਿਆਸਨ ਦੀ ਅਵਸਥਾ ਆਪੇ ਹੀ ਪ੍ਰਾਪਤ ਹੋ ਜਾਂਦੀ ਹੈ। ਮੰਨੈ ਦੀਆਂ ਚਾਰ ਪਉੜੀਆਂ ਤੋਂ ਬਾਅਦ ਸੋਲਵੀਂ ਪਉੜੀ ਵਿੱਚ ਨਿਧਿਆਸਨ ਦਾ ਭਾਵ ਹੀ ਪ੍ਰਗਟਾਇਆ ਗਿਆ ਹੈ। ਇਸ ਤਰ੍ਹਾਂ ਸ਼੍ਰਵਣ ਮੰਨਣ ਅਤੇ ਨਿਧਿਆਸਨ ਭਗਤੀ ਮਾਰਗ ਦੇ ਪ੍ਰਭੂ ਪ੍ਰਾਪਤੀ ਦੇ ਮੁੱਢਲੇ ਸਾਧਨ ਹਨ।

ਗੁਰੂ ਨਾਨਕ ਦੇਵ ਜੀ ਨੇ ਅਕਾਲ-ਪੁਰਖ ਦੇ ਸੱਚੇ ਨਾਮ ਨੂੰ ਸਰਵ ਸ਼੍ਰੇਸ਼ਟ ਮੰਨਿਆ ਹੈ। ਜਪੁਜੀ ਦੇ ਅੰਤ ਵਿੱਚ ਇਸ ਸੰਬੰਧੀ ਉਨ੍ਹਾਂ ਦਾ ਮਤ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖਿ ਉਜਲੈ, ਕੇਤੀ ਛੁਟੀ ਨਾਲਿ॥ (ਆਦਿ ਗ੍ਰੰਥ)

ਨਾਮ ਜਪਣ ਨੂੰ ਜੀਵਨ ਦੇ ਤੁਲ ਸਮਝਦਿਆਂ ਗੁਰੂ ਨਾਨਕ ਦੇਵ ਜੀ ਲਿਖਦੇ ਹਨ।

ਨਾਨਕ ਨਾਮੁ ਮਿਲੈ ਤਾ ਜੀਵਾ॥ (ਆਦਿ ਗ੍ਰੰਥ)

ਸੰਸਕ੍ਰਿਤ ਦੇ ਸ਼ਬਦ ਸਮਰਣ ਦਾ ਕੋਸ਼ਗਤ ਅਰਥ "ਚੇਤਾ, ਯਾਦਸ਼ਾਤ, ਚਿੰਤਨ, ਹਿਰਦੇ ਵਿੱਚ ਯਾਦ ਕਰਨਾ ਅਤੇ ਇਸ਼ਟ ਦਾ ਨਾਮ ਅਥਵਾ ਮਨ ਦੀ ਬਿਰਤੀ ਇਕਾਗਰ ਕਰਕੇ ਯਾਦ ਕਰਨਾ ਹੈ। "[7] ਸਮਰਣ ਦਾ ਪੰਜਾਬੀ ਤਦਭਵ ਰੂਪ ਸਿਮਰਨ ਹੈ। ਪ੍ਰਭੂ ਨਾਲ ਅਭੇਦਤਾ ਸਥਾਪਤੀ ਦਾ ਸਿਮਰਨ ਇਕ ਆਂਤਰਿਕ ਸਾਧਨ ਹੈ ਜੋ ਦਿਖਾਵੇ ਦੇ ਭੇਖੀਆ ਕੋਲੋਂ ਕਦੇ ਵੀ ਸੰਭਵ ਨਹੀਂ ਹੋ ਸਕਦਾ । ਭਾਗਵਤ ਪੁਰਾਣ ਅਨੁਸਾਰ,"ਪ੍ਰਭੂ ਦਾ ਨਿਰੰਤਰ ਸਿਮਰਨ ਕਰਨ ਵਾਲੇ ਦਾ ਮਨ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਜੋ ਲੋਕ ਪ੍ਰਭੂਦੇ ਮੰਗਲਕਾਰੀ ਨਾਮ ਅਤੇ ਸਰੂਪਾਂ ਦਾ ਕੀਰਤਨ ਜਾਂ ਸ਼੍ਰਵਣ ਕਰਦੇ ਜਾਂ ਹੋਰਨਾਂ ਨੂੰ ਕਰਾਉਂਦੇ ਹਨ ਖੁਦ ਆਪ

ਸਿਮਰਨ ਧਿਆਨ ਕਰਦੇ ਹੋਏ ਆਪਣਾ ਮਨ ਪ੍ਰਭੂ ਦੇ ਚਰਨ-ਕਮਲਾਂ ਵਿੱਚ ਲਗਾਉਂਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਗੇੜ ਕੱਟੇ ਜਾਂਦੇ ਹਨ।"[8]ਇਸੇ ਤਰ੍ਹਾਂ ਗੀਤਾ ਅਨੁਸਾਰ,"ਜੋ ਵਿਅਕਤੀ ਇਕਾਗਰ ਚਿੱਤ ਹੋ ਕੇ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ ਲਈ ਪ੍ਰਭੂ ਦੀ ਪ੍ਰਾਪਤੀ ਸੌਖੀ ਹੋ ਜਾਂਦੀ ਹੈ।"[9]ਨਿਰਗੁਣ ਸੰਕਲਪ ਵਿੱਚ ਸਿਮਰਨ ਪ੍ਰਭੂ ਨੂੰ ਆਪਣੀ ਅੰਤਰ-ਆਤਮਾ ਵਿੱਚ ਸ਼ਾਖਸਾਤ ਮੰਨ ਕੇ ਉਸ ਨਾਲ ਸੰਜੋਗ-ਵਿਜੋਗ ਦੀ ਅਵਸਥਾ ਵਿਚ ਰਾਬਤਾ ਕਰਾਉਣ ਦਾ ਹੀ ਨਾਮ ਹੈ।

ਗੁਰੂ ਨਾਨਕ ਦੀ ਸਭ ਤੋਂ ਮਹੱਤਵਪੂਰਨ ਬਾਣੀ ਜਪੁਜੀ ਦਾ ਸਿਰਲੇਖ ਵੀ ਸਿਮਰਨ ਦੇ ਅੰਤਰਗਤ ਵਿਚਾਰਨਯੋਗ ਹੈ।

ਗਾਵੈ ਕੋ ਜਾਪੇ ਦਿਸੈ ਦੂਰਿ॥

ਅੰਤਿ ਨ ਜਾਪੈ ਕਿਆ ਮਨਿ ਮੰਤੁ॥

ਅੰਤਿ ਨ ਜਾਪੈ ਕੀਤਾ ਆਕਾਰੁ॥

ਅੰਤਿ ਨ ਜਾਪੈ ਪਾਰਾਵਰੁ॥ (ਜਪੁਜੀ, ਪਉੜੀ)

ਗੁਰਮਤਿ ਵਿੱਚ ਉੱਚਾ ਜਾਪ ਭਗਤੀ ਸਾਧਨਾ ਦਾ ਪਹਿਲਾ ਪੜਾਅ ਸਵੀਕਾਰ ਕੀਤਾ ਗਿਆ ਹੈ ਜਪ ਦਾ ਅਰਥ ਹੀ ਉੱਚੀ ਜਾਪ ਤੋਂ ਹੈ। ਦੂਜੀ ਕਿਸਮ ਦਾ ਅਜਪਾ ਜਾਪ ਹੈ ਜਿਹੜਾ ਚੁੱਪ ਦੀ ਅਵਸਥਾ ਵਿਚ ਗੁਰਸਿੱਖ ਦੇ ਉੱਚੇ ਸਤਰ (ਪੱਧਰ) ਦਾ ਚਿੰਨ੍ਹ ਹੈ। ਮਹਾਨ ਕੋਸ਼ ਅਨੁਸਾਰ,"ਅਜਪਾ ਜਾਪ ਰਸਨਾ ਤੇ ਸਵਾਸ ਆਦਿ ਦੀ ਸਹਾਇਤਾ ਬਿਨਾ ਕੇਵਲ ਚਿਤ ਬਿਰਤੀ ਦੁਆਰਾ ਕੀਤਾ ਜਾਵੇ।"[10]ਗੁਰੂ ਨਾਨਕ ਦੇਵ ਜੀ ਅਨੁਸਾਰ

ਅਜਪਾ ਜਾਪ ਨ ਵੀਸਰੈ॥ ( ਵਾਰ ਮਲਾਰ ਮ.1)

ਅਜਪ ਜਾਪ ਜਪੇ ਮੁਖਿ ਨਾਮ॥ (ਬਿਲਾਵਲ ਮ.1)

ਮਾਨਸਿਕ ਜਾਪ ਨੂੰ ਲਿਵ ਜਾਪ ਕਿਹਾ ਗਿਆ ਹੈ ਜਿਹੜਾ ਗੁਰਮਤਿ ਭਗਤੀ ਸਾਧਨਾਂ ਦਾ ਸਰਬਉੱਤਮ ਰੂਪ ਹੈ। ਇਸ ਅਵਸਥਾ ਵਿੱਚ ਸਾਧਕ ਬਿਨ੍ਹਾਂ ਕੋਈ ਯਤਨ ਕੀਤੇ ਪ੍ਰਭੂ-ਪ੍ਰਮਾਤਮਾ ਨਾਲ ਇਕਮਿਕਤਾ ਦੀ ਅਵਸਥਾ ਸਥਾਪਿਤ ਕਰ ਲੈਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਭਗਤੀ ਲਈ ਸਿਮਰਨ ਨੂੰ ਬਹੁਤ ਜ਼ਰੂਰੀ ਮੰਨਿਆ ਹੈ।ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਤਨ ਨੂੰ ਅਗਨੀ ਭੇਟ ਕਰਨ, ਇਸ ਦੇ ਰਤੀ ਰਤੀ ਟੁਕੜੇ ਕਰਵਾ ਦੇਣ, ਸਰੀਰ ਦੇ ਟੁਕੜੇ-ਟੁਕੜੇ ਕਰ ਦੇਣ ਅਤੇ ਪਹਾੜਾਂ ਵਿੱਚ ਸਰੀਰ ਗਾਲਣ ਆਦਿ ਦੇ ਲੱਖਾਂ ਕਰੋੜਾਂ ਕਰਮ ਵੀ ਸਿਮਰਨ ਦੀ ਤੁਲਨਾ ਨਹੀਂ ਕਰ ਸਕਦੇ।

ਤਨ ਬੈਸੰਤਰਿ ਹੋਇਐ ਇਕ ਰਤੀ ਤੋਲ ਕਟਾਇ॥

ਤਨੁ ਮਨੁ ਸਮਧਾ ਜੇ ਕਰੀ ਅਨੁਦਿਨੁ ਅਗਨਿ ਜਲਾਇ॥

ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥

ਤਨੁ ਹਮਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥

ਹਰਿ ਨਾਮੇ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ (ਸ੍ਰੀ ਰਾਗ ਮਹਲਾ 1)

ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਭੂ ਨੂੰ ਇਕ ਪਲ ਲਈ ਵਿਸਾਰਨਾ ਵੀ ਮਨ ਦਾ ਰੋਗ ਬਣ ਜਾਂਦਾ ਹੈ।

ਇਕੁ ਤਿਲੁ ਪਿਆਰਾ ਵੀਸਰੈ

ਰੋਗੁ ਵਡਾ ਮਨ ਮਾਹਿ ॥ (ਸ੍ਰੀ ਰਾਗ ਮ.1)

ਗੁਰੂ ਨਾਨਕ ਦੇਵ ਜੀ ਨੇ ਸਿਮਰਨ ਨੂੰ ਜੀਵਨ ਅਤੇ ਵਿਸਾਰਨਾ ਨੂੰ ਮੌਤ ਦੇ ਬਰਾਬਰ ਦੱਸਦਿਆ ਲਿਖਿਆ ਹੈ।

ਆਖਾ ਜੀਵਾ ਵਿਸਰੈ ਮਰਿ ਜਾਉ ॥ (ਆਸਾ ਮਾ. 1)

ਗੁਰਬਾਣੀ ਵਿੱਚ ਕਈ ਥਾਂ ਹਰਿ ਸੇਵਾ ਹਰਿ ਕੀ ਟਹਿਲ, ਸਤਿਗੁਰੂ ਕੀ ਸੇਵਾ, ਹਰਿ ਸੇਵਹੁ, ਗੁਰ ਕੀ ਸੇਵਾ, ਸਬਦ ਵਿਚਾਰ ਆਦਿ ਪਦ ਦੀ ਵਰਤੋਂ ਥਾਂ-ਥਾਂ ਹੋਈ ਮਿਲਦੀ ਹੈ।

ਗੁਰੂ ਕੀ ਸੇਵਾ ਸਬਦੁ ਬੀਚਾਰ ॥

ਹਉਮੈ ਮਾਰੇ ਕਰਣੀ ਸਾਰੁ ॥ (ਗਉੜੀ ਮ. 5)

ਸਤਿਗੁਰ ਸੇਵਹਿ ਚੁਕੈ ਜਿਨਿ ਜਾਲਾ ॥

ਅੰਮ੍ਰਿਤ ਨਾਮ ਸਦਾ ਸੁਖੁ ਨਾਲਾ ॥ (ਗਉੜੀ ਮ. 5)

ਸਤਿਗੁਰ ਸੈਵ ਸੋ ਜੋਗੀ ਹੋਇ ॥

ਭੈ ਰਚਿ ਰਹੇ ਸੁ ਨਿਰਭਉ ਹੋਇ ॥ (ਗਉੜੀ ਮ. 1)

ਗੁਰੂ ਦੀ ਸੇਵਾ ਨਾਲ ਹੀ ਆਪੇ ਦੀ ਪਛਾਣ ਹੁੰਦੀ ਹੈ ਤੇ ਸਾਧਕ ਅੰਦਰ ਨਾਮ ਦਾ ਵਾਸਾ ਹੁੰਦਾ ਹੈ।

ਗੁਰੂ ਸੇਵਾ ਤੇ ਆਪੁ ਪਛਾਤਾ ॥

ਅੰਮ੍ਰਿਤ ਨਾਮੁ ਵਸਿਆ ਸੁਖ ਦਾਤਾ ॥ (ਰਾਗ ਆਸਾ, ਅਸ਼ਟਪਦੀਆਂ)

ਗੁਰਬਾਣੀ ਵਿਚ ਅਕਾਲ ਪੁਰਖ, ਗੁਰੂ ਦੀ ਪੂਜਾ ਅਤੇ ਪ੍ਰਮਾਤਮਾ ਦਾ ਨਾਮ ਜਪੁ ਸੇਵਾ ਹੀ ਉੱਤਮ ਪੂਜਾ ਮੰਨੀ ਗਈ ਹੈ। ਗੁਰੂ ਨਾਨਕ ਦੇਵ ਜੀ ਸੁਖ ਦੀ ਪ੍ਰਾਪਤੀ ਦਾ ਸਾਧਨ ਗੁਰੂ-ਸੇਵਾ ਨੂੰ ਮੰਨਦੇ ਲਿਖਦੇ ਹਨ।

ਗੁਰ ਕੀ ਸੇਵਾ ਚਾਕਰੀ ॥

ਮਨੁ ਨਿਰਮਲੁ ਸੁਖੁ ਹੋਇ ॥

ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ। (ਸ੍ਰੀ ਰਾਗ, ਮ. 1)

ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਿਜ ਸੀਗਾਰ ॥

ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤ ਪਿਆਰ ॥

ਗੁਰਮੁਖਿ ਜਾਨਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ ॥ (ਸ੍ਰੀ ਰਾਗ, ਅਸ਼ਟਪਦੀਆ)

ਗੁਰਮੁਖ ਲਈ ਸੇਵਾ ਹੀ ਭਗਤੀ ਹੈ ਕਿਉਂਕਿ ਇਸੇ ਦੁਆਰਾ ਸ਼ਬਦ ਨਾਲ ਸੁਰਤ ਤੇ ਲਿਵ ਜੁੜਦੀ ਹੈ।

ਸੇਵਾ ਸੁਰਤਿ ਏਕ ਲਿਵ ਲਾਇ ॥ (ਰਾਗ ਗਉੜੀ, ਮ.1)

ਸੇਵਾ ਸੁਰਤਿ ਸਬਦਿ ਵੀਚਾਰਿ ॥ (ਰਾਮ ਪ੍ਰਭਾਤੀ)

ਗੁਰਬਾਣੀ ਅਨੁਸਾਰ ਸੇਵਾ ਚਾਰ ਤਰ੍ਹਾਂ ਦੀ ਹੁੰਦੀ ਹੈ: ਤਨ, ਮਨ, ਧਨ ਅਤੇ ਸੁਰਤੀ ਨਾਲ ਸੇਵਾ। ਗੁਰੂ ਸਾਹਿਬਾਨ ਨੇ ਸਾਰੀ ਮਾਨਵਤਾ ਨੂੰ ਏਕ ਨੂਰ ਤੋਂ ਉਪਜਿਆ ਮੰਨਦਿਆਂ ਹੋਇਆਂ ਜਨ-ਸੇਵਾ ਉੱਤੇ ਜ਼ੋਰ ਦਿੱਤਾ ਹੈ। ਭਾਈ ਗੁਰਦਾਸ ਜੀ ਸੇਵਾ ਤੋਂ ਬਿਨਾਂ ਹੋਰ ਸਭ ਕਰਨੀਆਂ ਨੂੰ ਨਿਹਫਲ ਦੱਸਦੇ ਹੋਏ ਲਿਖਦੇ ਹਨ।

ਬਿਨ ਸੇਵਾ ਧ੍ਰਿਗ ਹਥਿ ਪੈਰ , ਹੋਰ ਨਿਹਫਲ ਕਰਨੀ ॥ (ਸਾਰੰਗ)

ਗੁਰੂਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਧਨ ਨਾਲ ਸੇਵਾ ਕਰਨ ਦੀ ਹਦਾਇਤ ਵੀ ਕੀਤੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ ॥

ਨਾਨਕ ਹਾਰੁ ਪਛਾਣਹਿ ਸੇਇ ॥ (ਸਾਰੰਗ)

ਗੁਰਮਤਿ ਵਿੱਚ ਹਉਮੈ-ਰਹਿਤ ਸਾਧ-ਸੰਗਤ ਦੀ ਧਨ ਦੁਆਰਾ ਕੀਤੀ ਗਈ ਸੇਵਾ ਨੂੰ ਹੀ ਉੱਤਮ ਸੇਵਾ ਮੰਨਿਆ ਗਿਆ ਹੈ। ਪਰ ਸਰਵਉਤਮ ਸੇਵਾ ਤਾਂ ਹੀ ਹੈ ਜੇ ਮਨ ਸਤਿਗੁਰੂ ਦੀ ਆਗਿਆ ਵਿੱਚ ਰਹਿਣ ਲੱਗ ਪਵੇ। ਹਿਰਦੇ ਦੀ ਚਿਤ ਬਿਰਤੀ ਨੂੰ ਇਕਾਗਰ ਕਰਕੇ ਆਤਮਾ ਵਿਚ ਵਿਲੀਨ ਹੋਣ ਨੂੰ ਵੀ ਸੇਵਾ ਆਖਿਆ ਗਿਆ ਹੈ। ਸੱਚੀ ਤੇ ਸ਼ੁੱਧ ਅਰਾਧਨਾ ਕੇਵਲ ਸੁਰਤਿ ਦੀ ਸੇਵਾ ਨਾਲ ਹੀ ਸੰਭਵ ਹੈ ਅਤੇ ਇਸੇ ਦੁਆਰਾ ਸਾਧਕ ਗੁਰੂ ਨੂੰ ਪ੍ਰਪਤ ਕਰ ਸਕਦਾ ਹੈ।

ਅਧਿਆਤਮਵਾਦ ਵਿੱਚ ਰਹੱਸਾਤਮਿਕ ਸਾਧਨਾ ਰਾਹੀਂ ਪ੍ਰਭੂ ਨੇੜਤਾ ਅਤੇ ਪਹਿਚਾਣ ਦੀ ਪ੍ਰਾਪਤੀ ਦੀਆਂ ਅਨੇਕਾਂ ਪੱਧਤੀਆਂ ਵਿੱਚੋਂ ਭਗਤੀ ਭਾਰਤੀ ਮੂਲ ਦੀ ਮਹੱਤਵ-ਪੂਰਨ ਧਾਰਾ ਹੈ। ਉਪਾਸਨਾ ਅਤੇ ਇਬਾਦਤ ਜਿਹੀ-ਨਿਰੰਤਰ ਆਤਮਿਕ ਦੀਰਘ ਕਾਲੀ ਗੰਭੀਰ ਅਤੇ ਇਕਾਗਰ ਚਿਤ ਚਿੰਤਨ ਹੈ ਜਿਸ ਦੀ ਅਪਣਾਈ ਗਈ ਨਿਰੰਤਰਤਾਂ ਰਾਹੀਂ ਜਗਿਆਸੂ ਪ੍ਰਭੂ-ਹੋਂਦ ਦੀ ਅਜਿਹੀ ਅਨੁਭੂਤੀ ਗ੍ਰਹਿਣ ਕਰ ਜਾਂਦਾ ਹੈ ਜਿਹੜੀ ਗੁੰਗੇ ਦੇ ਗੁੜ ਖਾਣ ਦੇ ਬਾਅਦ ਸੁਆਦ ਦਾ ਬਿਆਨ ਨਾ ਹੋ ਸਕਣ ਵਾਂਗ ਹੈ ਅਤੇ ਜਿਹੜੀ ਕੇਵਲ ਸੰਕੇਤਾਂ ਅਤੇ ਰਮਜ਼ਾ ਦੁਆਰਾ ਹੀ ਸਮਝਾਈ ਜਾ ਸਕਦੀ ਹੈ।

ਹਵਾਲੇ ਅਤੇ ਟਿੱਪਣੀਆਂ


1. ਡਾ. ਜੈ ਰਾਮ ਸਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 295
2. ਉਹੀ , ਪੰਨਾ 154
3. ਸਵਾਮੀ ਵਿਵੇਕਾਨੰਦ, ਕਰਮ ਯੋਗ, ਪੰਨਾ 102
4. ਡਾ. ਰਾਧਾ ਕ੍ਰਿਸ਼ਨਨ, ਇੰਡੀਅਨ ਫਿਲਾਸਫੀ, ਵਾਲੀਅਮ-1, ਪੰਨਾ 230
5. ਦਰਸ਼ਨ ਸਿੰਘ,ਇੰਡੀਅਨ ਭਗਤੀ ਟਰੀਡੀਸ਼ਨ ਐਂਡ ਸਿੱਖ ਗੁਰੂਜ਼, ਪੰਨਾ 145-170
6. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 530
7. ਡਾ. ਮਨਮੋਹਨ ਸਿੰਘ, ਗੁਰੂਨਾਨਕ ਤੇ ਭਗਤੀ ਅੰਦੋਲਨ, ਪੰਨਾ 142
8. ਭਾਗਵਤ ਪੁਰਾਣ 11/14/27 ਅਤੇ 10/2/37
9. ਗੀਤਾ 8/14
10. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 34



**ਅਸਿਸਟੈਂਟ ਪ੍ਰੋਫੈਸਰ ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ**

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ਼**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

**ਪਿਛਲੇ ਅੰਕ ਦੀ ਬਾਕੀ**

ਅਲਵਰ ਦੇ ਗੁਰਮਤਿ ਸਮਾਗਮ ਤੇ ਬਹੁਤ ਦੂਰੋਂ ਦੂਰੋਂ ਲੋਕ ਆਉਂਦੇ ਸਨ, ਅਤੇ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਆਉਂਦੇ ਸਨ ਤੇ ਉਹ ਲੋਕ ਸਭ ਰਾਗੀਆਂ ਨੂੰ ਸੁਣਦੇ ਸਨ ਤੇ ਜੇਹੜਾ ਰਾਗੀ ਜਥਾ ਉਹਨਾਂ ਨੂੰ ਪਸੰਦ ਆ ਜਾਏ, ਉਸ ਜੱਥੇ ਨੂੰ ਗੁਰਪੁਰਬਾਂ ਵਾਸਤੇ ਬੁੱਕ ਕਰ ਲੈਂਦੇ ਸਨ, ਅਤੇ ਇਸੇ ਤਰਾਂ ਰਤਨ ਜੀ ਦੇ ਇਸ ਪਹਿਲੇ ਹੀ ਗੁਰਮਤ ਸਮਾਗਮ ਸਮੇਂ ਸਾਲ ਦੇ ਸਾਰੇ ਹੀ ਗੁਰਪੁਰਬ ਬੁੱਕ ਹੋ ਗਏ, ਤੇ ਆਪ ਜੀ ਸੰਨ 1972 ਦਾ ਅਲਵਰ ਸਮਾਗਮ ਭੁਗਤਾ ਕੇ ਵਾਪਸ ਮੇਰਠ ਆਪਣੀ ਡੀਊਟੀ ਤੇ ਆ ਗਏ।

ਸੰਨ 1972 ਮਈ ਦੇ ਮਹੀਨੇ ਵਿਚ ਸੇਵਕ ਜੱਥਾ ਅੰਮ੍ਰਿਤਸਰ ਵਲੋ਼ ਇਕ ਕੀਰਤਨ ਦਰਬਾਰ ਰਖਿਆ ਗਿਆ ਸੀ, ਤੇ ਉਸ ਕੀਰਤਨ ਦਰਬਾਰ ਵਾਸਤੇ ਅਲਵਰ ਸਮਾਗਮ ਸਮੇਂ ਪ੍ਰਬੰਧਕਾਂ ਨਾਲ ਗੱਲ ਬਾਤ ਹੋ ਗਈ ਸੀ ਅਤੇ ਫਿਰ ਅਪ੍ਰੈਲ ਵਿਚ ਉਹਨਾਂ ਵਲੋਂ ਚਿਠੀ ਵੀ ਗਈ ਸੀ, ਸੋ ਇਸ ਲਈ ਰਤਨ ਜੀ ਜਥੇ ਸਮੇਤ ਅੰਮ੍ਰਿਤਸਰ ਪਹੁੰਚ ਗਏ ਤੇ ਭਾਈ ਸਾਹਿਬ ਜੀ ਪ੍ਰਵਾਰ ਅਤੇ ਬੱਚਿਆਂ ਨੂੰ ਵੀ ਨਾਲ ਲੈ ਗਏ, ਕੇ ਚਲੋ ਇਸ ਬਹਾਨੇ ਪ੍ਰਵਾਰ ਨੂੰ ਵੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾ ਲਿਆਵਾਂਗੇ, ਤੇ ਦੂਸਰੇ ਦਿਨ ਗੁਰਦੁਆਰਾ ਮੰਜੀ ਸਾਹਬ ਦੇ ਹਾਲ ਵਿਚ ਕੀਰਤਨ ਦਰਬਾਰ ਵਿਚ ਰਤਨ ਜੀ ਨੇ ਬਹੁਤ ਹੀ ਰਸ ਭਿੰਨਾ ਕੀਰਤਨ ਕੀਤਾ, ਤੇ ਸੰਗਤ ਬਹੁਤ ਹੀ ਪ੍ਰਸੰਨ ਹੋਈ ਤੇ ਪੰਬੰਧਕਾਂ ਨੇ ਚੰਗੀ ਮਾਯਾ ਦੇ ਕੇ ਭਾਈ ਸਾਹਿਬ ਜੀ ਦਾ ਸਤਕਾਰ ਕੀਤਾ ਅਤੇ ਤੀਜੇ ਦਿਨ ਆਪ ਜੀ ਪ੍ਰਵਾਰ ਸਮੇਤ ਸ੍ਰੀ ਤਰਨ ਤਾਰਨ ਸਾਹਿਬ ਚਲੇ ਗਏ, ਤੇ ਪ੍ਰਵਾਰ ਨੂੰ ਵੀ ਦਰਸ਼ਨ ਕਰਵਾਏ ਤੇ ਫਿਰ ਵਾਪਸ ਅੰਮ੍ਰਿਤਸਰ ਆ ਕੇ ਅੰਮ੍ਰਿਤਸਰ ਤੋਂ ਟਰੇਨ ਰਾਂਹੀ ਲੁਧਿਆਣੇ ਪਹੁੰਚ ਗਏ ਤੇ ਰਾਤ ਗੁਰਦੁਆਰਾ ਸਾਹਿਬ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰੀ, ਤੇ ਫਿਰ ਲੁਧਿਆਣੇ ਤੋਂ ਸਵੇਰੇ ਟਰੇਨ ਤੇ ਚੜ ਕੇ ਸ਼ਾਮ ਤਕ ਮੇਰਠ ਪਹੁੰਚ ਗਏ, ਆਪਣੀ ਡਿਊਟੀ ਸ਼ੁਰੂਕਰ ਦਿੱਤੀ।

ਫਿਰ ਗੁਰੂਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਨਵੰਬਰ 73 ਵਿਚ ਸ਼ਿਮਲਾ ਗੁਰਦੁਆਰਾ ਸਿੰਘ ਸਭਾ ਵਿਖੇ ਬੁੱਕ ਸੀ, ਤੇ ਆਪ ਜੀ ਦਾ ਸ਼ਿਮਲੇ ਸਿੰਘ ਸਭਾ ਗੁਰਪੁਰਬ ਲਈ ਪਹੁੰਚ ਗਿਆ ਅਤੇ ਆਪ ਜੀ ਦੇ ਜਥੇ ਨੂੰ ਕੁਝ ਪ੍ਰੋਗਰਾਮ ਕੀਰਤਨ ਦੇ ਕੀਤੇ, ਤੇ ਸੰਗਤ ਨੂੰ ਰਸ ਭਰੇ ਕੀਰਤਨ ਨਾਲ ਨਿਹਾਲ ਕਰ ਦਿੱਤਾ ਤੇ ਸੰਗਤਾਂ ਨੇ ਵੀ ਭਾਈ ਸਾਹਿਬ ਜੀ ਦੇ ਜਥੇ ਨੂੰ ਮਾਇਆ ਨਾਲ ਨਿਹਾਲ ਕਰ ਦਿਤਾ, ਤੇ ਭਾਈ ਸਾਹਿਬ ਦੇ ਸਾਥੀ ਵੀ ਬੜੇ ਪ੍ਰਸੰਨ ਹੋਏ।

ਉਸ ਤੋਂ ਬਾਅਦ ਗੁਰੂਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ, ਚੰਡੀਗੜ ਵਿਖੇ ਬੁਕ ਸੀ ਜਿਥੇ ਆਪ ਜੀ ਪਹਿਲੇ ਕੀਰਤਨ ਦੀ ਸੇਵਾ ਕਰ ਗਏ ਸਨ ਤੇ ਸੰਗਤ ਭਾਈ ਸਾਹਿਬ ਜੀ ਦੇ ਕੀਰਤਨ ਦੀ ਬਹੁਤ ਸ਼ਰਧਾਲੂ ਸੀ ਉਥੇ ਆਪ ਜੀ ਦੋ-ਤਿੰਨ ਦਿਨ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਨੇ ਰਤਨ ਜੀ ਦਾ ਬਹੁਤ ਸਤਿਕਾਰ ਕੀਤਾ। ਆਪ ਜੀ ਗੁਰਪੁਰਬ ਦਾ ਪ੍ਰੋਗਰਾਮ ਭੁਗਤਾ ਕੇ ਵਾਪਸ ਮੇਰਠ ਆਪਣੀ ਡੀਊਟੀ 'ਤੇ ਆ ਗਏ।

ਫਿਰ ਸੰਨ 1974 ਵਿਚ ਫਰਵਰੀ ਦੇ ਮਹੀਨੇ ਵਿਚ ਗਿ: ਸਾਹਿਬ ਸਿੰਘ ਜੀ ਵਲੋਂ ਸ਼ਾਹਬਾਦ ਮਾਰਕੰਡਾ ਵਿਚ ਇਕ ਕੀਰਤਨ ਦਰਬਾਰ ਰਖਿਆ ਗਿਆ, ਉਸ ਵਾਸਤੇ ਗਿ: ਸਾਹਿਬ ਸਿੰਘ ਜੀ ਨੇ ਆਪ ਜੀ ਨੂੰ ਸੱਦਾ ਭੇਜਿਆ ਤੇ ਆਪ ਜੀ 17 ਫਰਵਰੀ 1974 ਨੂੰ ਸ਼ਾਹਬਾਦ ਮਾਰਕੰਡਾ ਵਿਖੇ, ਕੀਰਤਨ ਦਰਬਾਰ ਵਿਚ ਕੀਰਤਨ ਕਰ ਕੇ ਵਾਪਸ ਆਏ,

ਉਸ ਤ੍ਰੋ ਬਾਅਕ ਸੰਨ 1974 ਦੇ ਅਲਵਰ ਦੇਸਮਾਗਤ ਤੇ ਸਾਡਾ ਰਾਗੀ ਜੱਥਾ ਅਲਵਰ ਪਹੁੰਚ ਗਿਆ, ਅਤੇ ਇਸ ਵਾਰ ਇਹ ਸਮਾਗਮ ਪੰਜ ਦਿਨ ਚਲਿਆ ਤੇ ਇਸ ਵਾਰ ਮਸਕੀਨ ਜੀ ਨੇ ਕੀਰਤਨ ਤੇ ਪੰਬੰਨ ਹੋ ਕੇ, ਭਾ : ਕਰਮ ਸਿੰਘ ਰਤਨ ਜੀ ਨੂੰ ਸੰਗਤ ਵਿਚ ਸੰਗੀਤ ਦੇ ਉਸਤਾਦ ਦਾ ਖ਼ਿਤਾਬ ਤਕ ਦੇ ਦਿਤਾ, ਅਤੇ ਮਾਇਆ ਨਾਲ ਵੀ ਚੰਗਾ ਸਤਕਾਰ ਕੀਤਾ, ਅਤੇ ਇਸ ਪ੍ਰੋਗਰਾਮ ਤੇ ਲੋਕ ਬਹੁਤ ਦੂਰੋਂ ਦੂਰੋਂ ਆਉਂਦੇ ਹਨ, ਤੇ ਗਬੁਰਦੁਆਰਿਆਂ ਦੇ ਪ੍ਰਬੰਧਕ ਵੀ ਆਉਂਦੇ ਹਨ ਤੇ ਕਈ ਸੱਜਣ ਸੰਨ 1974 ਦੀ ਵੈਸਾਖੀ ਪੁਰਬ ਵਾਸਤੇ ਮਸਕੀਨ ਜੀ ਨੂੰ ਕਹਿਣ ਲੱਗੇ ਕਿ ਸਾਨੂੰ ਵੈਸਾਖੀ ਵਾਸਤੇ ਰਾਗੀ ਜੱਥਾ ਚਾਹੀਦਾ ਹੈ, ਤੇ ਮਸਕੀਨ ਜੀ ਨੇ ਵੈਸਾਖੀ ਦੇ ਪੂਰਬ ਵਾਸਤੇ ਭਾਯਕਰਮ ਸਿੰਘ ਰਤਨ ਦਾ ਦੁਰਗਾ ਪੁਰ ਬੰਗਾਲ ਦੇ ਪ੍ਰਬੰਧਕਾਂ ਪਾਸ ਪ੍ਰੋਗਰਾਮ ਬੁੱਕ ਕਰਵਾ ਦਿੱਤਾ, ਅਤੇ ਕੁਝ ਹੋਰ ਵੀ ਗੁਰਪੁਰਬਾਂ ਦੇ ਪ੍ਰੋਗਰਾਮ ਬੁੱਕ ਹੋ ਗਏ ਤੇ ਫਿਰ ਆਪ ਜੀ ਅਲਵਰ ਦਾ ਸਮਾਗਮ ਭੁਗਤਾ ਕੇ ਵਾਪਸ ਮੇਰਠ ਆ ਕੇ ਆਪਣੀ ਡਿਊਟੀ ਸ਼ੁਰੂਕਰ ਦਿੱਤੀ ਤੇ ਫਿਰ ਆਪ ਜੀ ਦੇ ਜਥੇ ਨੇ ਵੈਸਾਖੀ ਦੇ ਪੁਰਬ ਤੇ ਗੁਰਗਾ ਪੁਰ ਬੰਗਾਲ ਜਾਣਾ ਸੀ ਤੇ ਆਪ ਜੀ ਨੇ ਸਭਾ ਪਾਸੋਂ ਇੱਕ ਮਹੀਨੇ ਦੀ ਛੁੱਟੀ ਲੈ ਲਈ ਤੇ ਜਥੇ ਦੀ ਛੁੱਟੀ ਬਣੀ ਸੀ ਤੇ ਆਪ ਨੇ ਛੁੱਟੀ ਹੋਰ ਲੈ ਲਈ, ਕਿ ਅਸੀਂ ਵੈਸਾਖੀ ਬਾਅਦ ਕੁਛ ਦਿਨ ਹੋਰ ਕੱਲਕਤਾ ਅਤੇ ਹੋਰ ਥਾਵਾਂ ਤੇ ਘੁੰਮ ਕੇ ਆਵਾਂਗੇ। ਅਤੇ ਆਪ ਜੀ ਵੈਸਾਖੀ ਵਾਸਤੇ ਮੇਰਠ ਤੋਂ ਰੇਲ ਰਾਹੀਂ 10 ਅਪ੍ਰੈਲ 74 ਨੂੰ ਦੁਰਗਾਪੁਰ ਬੰਗਾਲ, ਗੁਰਦੁਆਰਾ ਬੈਨਾ ਚੱਟੀ ਪਹੁੰਚ ਗਏ, ਅਤੇ ਆਪ ਜੀ ਨੇ 11 ਤਰੀਕ ਤੋਂ ਲੈ ਕੇ 13 ਤਰੀਕ ਰਾਤ ਤੱਕ ਦੁਰਗਾਪੁਰ ਵਿਖੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ,ਆਪ ਜੀ 14 ਅਪ੍ਰੈਲ ਨੂੰ ਦੁਰਗਾ ਪੁਰ ਤੋਂ ਚੱਲ ਕੇ, ਬਰਦਵਾਨ ਗੁ:ਸਿੰਘ ਸਭਾ ਪਹੁੰਚ ਗਏ, ਤੇਬਰਦਵਾਨ ਵਿਖੇ, 16 ਤਰੀਕ ਤਕ ਬਰਦਵਾਨ ਦੀ ਸੰਗਤ ਨੂੰ ਕੀਰਤਨ ਸੁਣਾਇਆ ਤੇ ਫਿਰ 17 ਅਪ੍ਰੈਲ ਨੂੰ ਆਪ ਜੀ ਕਲਕਤਾ ਪਹੁੰਚ ਗਏ ਤੀਜੀ ਵਾਰ ਗੁਰਦੁਆਰਾ ਬੜਾ ਸਿੱਖ ਸੰਗਤ ਬੜਾ ਬਾਜ਼ਾਰ ਅਤੇ ਅਗਲੇ ਦਿਨ ਸਵੇਰੇ ਕੁਦਰਤੀ ਉਸ ਦਿਨ ਐਤਵਾਰ ਸੀ ਤੇਐਤਵਾਰ ਹਰ ਗੁਰਦੁਆਰੇ ਸਪੈਸ਼ਲ ਦੀਵਾਨ ਹੁੰਦੇ ਹਨ ਸੋ ਪਹਿਲੇ ਸਵੇਰੇ ਗੁਰਦੁਆਰਾ ਸਿੰਘ ਸਭਾ ਕਾਲੀ ਘਾਟ ਕੀਰਤਨ ਕੀਤਾ ਅਤੇ ਗੁਰਦੁਆਰਾ ਕਾਲੀ ਘਾਟ ਵਿਖੇ ਹਾਲੇ ਅਸੀਂ ਸਮਾਪਤੀ ਤੋਂ ਬੈਠੇ ਹੋਇ ਸੀ ਤੇ ਇਕ ਹੋਰ ਪ੍ਰੋਗਰਾਮ ਆ ਗਿਆ ਇਕ ਸਰਦਾਰ ਸਾਹਿਬ ਦੀ ਮੌਤ ਹੋ ਗਈ ਸੀ ਤੇ ਉਨ੍ਹਾਂ ਦੇ ਪ੍ਰਵਾਰ ਦੇ ਬੰਦੇ ਗੁਰਦੁਆਰੇ ਆਏ ਤੇ ਭਾਈ ਸਾਹਿਬ ਨੂੰ ਕਹਿਣ ਵੱਗੇ ਕਿ ਇਕ ਰਾਗੀ ਜੱਥਾ ਚਾਹੀਦਾ ਹੈ ਸਾਡੇ ਪਿਤਾ ਦੀ ਦੀ ਡੈਥ ਹੋ

ਗਈ ਹੈ ਤੇ ਉਹਨਾਂ ਨੂੰ ਸਸਕਾਰ ਵਾਸਦੇ ਲਿਜਾਣ ਤੋਂ ਪਹਿਲੇ ਘਰ ਕੀਰਤਨ ਕਰਵਾਣਾ ਹੈ ਤੇ ਗ੍ਰੰਥੀ ਸਾਹਿਬ ਜੀ ਨੇ ਸਾਨੂੰ ਕਿਹਾ ਕਿ ਸਾਡਾ ਰਾਗੀ ਜੱਥਾ ਕਿਸੇ ਪ੍ਰੋਗਰਾਮ ਤੇ ਗਿਆ ਹੋਇਆ ਸੋ ਤੁਸੀਂ ਜਾ ਕੇ ਕੀਰਤਨ ਕਰ ਆਓ ਤੇ ਅਸੀਂ ਮਨ ਵਿਚ ਸੋਚਣ ਲਗੇ, ਕਿ ਇਹ ਮ੍ਰਿਤਕ ਪ੍ਰੋਗਰਾਮ ਸਾਨੂੰ ਫਰੀ ਵਿਚ ਕਰਨਾ ਪੈਣਾ ਹੈ, ਪਰਹੁਣ ਹੋਰ ਚਾਰਾ ਕੋਈ ਨਹੀਂ ਸੀ ਸੋ ਅਸੀਂ ਭਾਈ ਸਾਹਿਬ ਜੀ ਦੇ ਕਹਿਣ ਤੇ ਸਰਦਾਰ ਜੀ ਦੇ ਘਰ ਕੀਰਤਨ ਕਰਨ ਚਲੇ ਗਏ ਤੇ ਉਪਰ ਦੂਜੀ ਮੰਜ਼ਿਲ ਤੇ ਘਰ ਸੀ ਤੇ ਸਰਦਾਰ ਸਾਹਿਬ ਦੀ ਮ੍ਰਿਤਕ ਦੇਹ ਵੇਹੜੇ ਵਿਚ ਪਈ ਹੋਈ ਸੀ ਤੇ ਕੋਲ ਕੀਰਤਨ ਕਰਨ ਵਾਸਤੇ ਵਿਛਾਈ ਕਰ ਦਿੱਤੀ ਤੇ ਭਾਈ ਕਰਮ ਸਿੰਘ ਜੀ ਨੇ ਕੀਰਤਨ ਸ਼ੁਰੂਕਰ ਦਿੱਤਾ ਤੇ ਭਾਈ ਸਾਹਿਬ ਜੀ ਨੇ ਸ਼ਰਦ ਸ਼ੁਰੂਕੀਤਾ ਰਾਗ ਭੈਰਵੀ ਵਿਚ (ਬੋਲੇ ਸ਼ੇਖ ਫਰੀਦ ਪਿਆਰੇ ਅਲਹੁ ਲਗੇ ਇਹੁ ਤਨ ਹੋਸੀ ਖਾਕ ਨਿਮਾਣੀ ਗੋਰ ਘਰੇ) ਤੇ ਹਾਲੇ ਸ਼ਬਦ ਸ਼ੁਰੂ ਹੋਇਆ ਸੀ ਤੇ ਸਰਦਾਰ ਜੀ ਦੇ ਲੜਕੇ ਨੇ ਇੱਕ ਸੌ ਦਾ ਨੇਟ ਭਾਈ ਸਾਹਿਬ ਦੇ ਵਾਜੇ ਤੇਰੱਖ ਦਿਤਾ ਤੇ ਬਸ ਫਿਰ ਕੀ ਸੀ ਜਿੰਨੇ ਵੀ ਪ੍ਰਵਾਰ ਦੇ ਲੋਕ ਆਏ ਸਭ ਨੇ ਸੌ ਦੇ ਨੋਟ ਹੀ ਰਖੇ ਵਾਜੇ ਤੇ ਭਾਈ ਸਾਹਿਬ ਨੇ ਦੋ ਸ਼ਬਦ ਪੜ੍ਹ ਕੇ ਸਮਾਪਤੀ ਕਰ ਦਿੱਤੀ, ਤੇ ਭਾਈ ਸਾਹਿਬ ਨੂੰ ਇਸ ਕੀਰਤਨ ਤੇ 4500/- ਪੰਜਤਾਲੀ ਸੌ ਰੁਪਏ ਗਏ ਤੇ ਜਦੋਂ ਕੀਰਤਨ ਕਰ ਕੇਬਾਹਰ ਆਏ ਤਾਂ ਉਥੇ ਕਲੱਕਤੇ ਦੇ ਗ੍ਰੈਂਡ ਹੋਟਲ ਦੇ ਮਾਲਕ ਇਕ ਸਰਦਾਰ ਜੀ ਖੜੇ ਹੋਏ ਸਨ, ਤੇ ਉਹ ਭਾਈ ਕਰਮ ਸਿੰਘ ਨੂੰ ਪੁੱਛਣ ਲੱਗੇ, ਭਾਈ ਸਾਹਿਬ ਜੀ ਕਿੱਥੋਂ ਆਏ ਹੋ ਆਪ ਜੀ ਤੇ ਭਾਈ ਸਾਹਿਬ ਤੁਸੀਂ ਕੀਰਤਨ ਬਹੁਤ ਵਧੀਆ ਕਰਦੇ ਹੋ, ਤੇ ਫਿਰ ਉਹ ਕਹਿਣ ਲੱਗੇ ਕਿ ਕਲ ਤੁਹਾਡੇ ਪਾਸ ਟਾਈਮ ਹੈ, ਕੀਰਤਨ ਕਰਨ ਵਾਸਤੇ, ਤੇ ਭਾਈ ਸਾਹਿਬ ਨੇ ਕਿਹਾ ਦੱਸੋ, ਤੇ ਸਰਦਾਰ ਸਾਹਿਬ ਕਹਿਣ ਲੱਗੇ, ਕਿ ਧਰਮ ਤਲਾ ਮੈਦਾਨ ਦੇਸਾਹਮਣੇ ਗਰੈਂਡ ਹੋਟਲ ਹੈ ਉਥੇ ਅਖੰਡ ਪਾਠ ਰਖਿੱਆ ਹੋਇਆ ਹੈ ਤੇ ਸਵੇਰੇ ਸਮਾਪਤੀ ਹੈ, ਤੇ ਅਗਰ ਆਪ ਜੀ ਉਥੇ ਕੀਰਤਨ ਦਾ ਸਮਾਂ ਦਿਉਤਾਂ ਸਾਨੂੰ ਖੁਸ਼ੀ ਹੋਵੇਗੀ, ਤਾਂ ਭਾਈ ਸਾਹਿਬ ਕਿਹਾ ਕਿ ਜ਼ਰੂਰਕਰਾਂਗੇ,ਤਸੀਂ ਹੁਕਮ ਕਰੋ, ਤੇ ਸਰਦਾਰ ਜੀ ਨੇ ਪੁਛਿਆ ਕਿ ਤੁਸੀ ਠਹਿਰੇ ਹੋਏ ਕਿਥੇ ਹੋਏ ਹੋ ਤਾਂ ਰਤਨ ਜੀ ਨੇ ਕਿਹਾ ਕਿ ਅਸੀਂ ਬੜਾ ਬਾਜ਼ਾਰ ਗੁਰਦੁਆਰੇ ਠਹਿਰੇ ਹੋਏ ਹਾਂ,ਤਾਂ ਸਰਦਾਰ ਜੀ ਨੇ ਕਿਹਾ ਕਿ ਮੈਂ ਗੱਡੀ ਭੇਜ ਦੇਣਾ, ਤੁਸੀਂ ਆਪਣਾ ਸਾਮਾਨ ਲੈ ਕੇ ਹੋਟਲ ਵਿਚ ਆ ਜਾਉ ਮੈਂ ਤੁਹਾਨੂੰ ਕਮਰਾ ਦੇ ਦਿਆਂਗਾ, ਤਾਂ ਉਹਨਾਂ ਨੇ ਗੱਡੀ ਭੇਜ ਦਿੱਤੀ ਤੇ ਡਰੈਵਰ ਭਾਈ ਸਾਹਿਬ ਜੀ ਦੇ ਜੱਥੇ ਨੂੰ ਗੁਰਦੁਆਰਾ ਬੜਾ ਬਾਜ਼ਾਰ ਤੋਂ ਗਰੈਂਡ ਹੋਟਲ ਚਿ ਲੈ ਆਇਆ। ਤੇ ਸਰਦਾਰ ਜੀ ਨੇ ਭਾਈ ਸਾਹਿਬ ਦੇ ਜੱਥੇ ਨੂੰ ਹੋਟਲ ਵਿਚ ਕਮਰਾ ਦੇ ਦਿੱਤਾ ਸੀ ਜੋ ਕਿ ਏ.ਸੀ. ਸੀ ਤੇਸੋਮਵਾਰ ਸਵੇਰੇਅਖੰਡ ਪਾਠ ਦੇ ਭੋਗ ਤੋਂ ਬਾਅਦ ਭਾਈ ਸਾਹਿਬ ਜੀ ਨੇ ਬਹੁਤ ਹੀ ਅਨੰਦਮਈ ਕੀਰਤਨ ਕੀਤਾ, ਤੇਹੋਟਠ ਵਾਲੇਸਰਦਾਰ ਜੀ ਤੇ ਸੰਗਤ ਵੀ ਬਹੁਤ ਪ੍ਰਸੰਨ ਹੋਈ ਤੇ ਉਥੇ ਦੀਵਾਨ ਸਮਾਪਤੀ ਤੋਂ ਬਾਅਦ, ਇਕ ਹੋਰ ਪ੍ਰੇਮੀ ਮਿਲੇ, ਉਹਨਾਂ ਕਿਹਾ, ਭਾਈ ਸਾਹਿਬ ਜੀ ਪਰਸੋਂ ਬੁੱਧਵਾਰ ਮੇਰੀ ਲੜਕੀ ਦੀ ਸ਼ਾਦੀ ਹੈ ਤੇ ਜੇ ਤੁਸੀਂ ਅਨੰਦ ਕਾਰਜ ਵੇਲੇ ਕੀਰਤਲ ਕਰੋਂ ਤਾਂ ਸਾਨੂੰ ਖੁਸ਼ੀ ਹੋਵੇਗੀ ਤੇ ਭਾਈ ਸਾਹਿਬ ਜੀ ਨੇ ਕਿਹਾ ਠੀਕ ਹੈ ਅਸੀਂ ਕੀਰਤਨ ਕਰਾਂਗੇ, ਤੇ ਉਹਨਾਂ ਵੀ ਪੁਛਿੱਆ ਕਿ ਤੁਸੀਂ ਕਿੱਥੇ ਠਹਿਰੇ ਹੋਏ ਹੋ, ਤਾਂ ਰਤਨ ਜੀ ਨੇ ਕਿਹਾ ਕਿ ਅਸ਼ੀ ਏਥੇ ਹੀ ਗਰੈਂਡ ਹੋਟਅ ਵਿਚ ਹੀ ਠਹਿਰੇ ਹੋਏ ਹਾਂ। ਤੇ ਉਹ ਕਹਿਣ ਲੱਗੇ ਕਿ ਅਸੀਂ ਏਥੋਂ ਹੀ ਆ ਕੇ ਤੁਹਾਨੂੰ ਲੈ ਜਾਵਾਂਗੇ। ਹੋਟਲ ਵਾਲੇ ਸਰਦਹਰ ਜੀ ਨੇ ਭਾਈ ਸਾਹਿਬ ਜੀ ਨੂੰ ਕਹਿ ਦਿੱਤਾ, ਕਿ ਆਪ ਜੀ ਨੇ ਜਿਤਨੇ ਦਿਨ ਕਲਕਤੇ ਰਹਿਣਾ ਹੈ, ਏਥੇ ਸਾਡੇ ਹੋਟਲ ਵਿਚ ਹੀ ਰਹਿਣਾ ਅਤੇ ਅਗੋਂ ਵਾਸਤੇ ਵੀ ਜਦੋਂ ਵੀ ਆਪ ਜੀ ਕਲਕਤੇ ਆਓ ਠਹਿਰਨਾ ਸਾਡੇ ਹੋਟਲ ਵਿਚ ਹੀ ਕੀਰਤਨ ਜਿਥੇ ਮਰਜ਼ੀ ਹੈ ਕਰਨਾ, ਹਾਂ ਇਕ ਕੀਰਤਨ

ਸਾਨੂੰ ਜ਼ਰੂਰ ਸੁਣਾ ਦਿਆ ਕਰਨਾ। ਤੇ ਭਾਈ ਸਾਹਿਬ ਜੀ ਨੇ ਕਿਹਾ ਧੰਨਵਾਦ ਸਰਦਾਰ ਜੀ, ਆਪ ਜੀ ਸਾਨੂੰ ਇਤਨੀ ਇਜ਼ਤ ਅਤੇ ਮਾਣ ਦੇ ਰਹੇ ਹੋ। ਅਸੀਂ ਇਸ ਦੇ ਯੋਗ ਨਹੀਂ ਹਾਂ, ਤੇ ਸਰਦਾਰ ਜੀ ਨੇ ਕਿਹਾ ਭਾਈ ਸਾਹਿਬ ਤੁਹਾਡੇ ਕੀਰਤਨ ਵਿਚ ਇਤਨਾ ਰਸ ਹੈ, ਸਾਡਾ ਮਨ ਕਰਦਾ ਹੈ ਕਿ ਸਭ ਕੁਝ ਤੁਹਾਡੇ ਤੋਂ ਨਿਛਾਵਰ ਕਰ ਦੇਵੀਏ, ਕਮਰਾ ਇਕ ਤਾਂ ਮਾਮੂਲੀ ਗੱਲ ਹੈ।

ਬੁੱਧਵਾਰ ਨੂੰ ਜੋ ਅਨੰਦ ਕਾਰਜ ਸੀ ਜਦੋ ਰਾਗੀ ਜਥਾ ਵਿਆਹ ਵਾਲੇਘਰ ਪਹੁੰਚਿਆ ਤਾਂ ਪਤਾ ਲੱਵਾ ਕਿ ਜੋ ਬਰਾਤ ਆਈ ਸੀ ਉਹ ਮੇਰਠ ਤੋਂ ਹੀ ਆਈ ਸੀ ਤੇ ਉਸ ਬਰਾਤ ਵਿਚ ਸਾਰੇ ਮੇਰਠ ਦੀ ਸੰਗਤ ਦੇ ਹੀ ਬੰਦੇ ਸਨ, ਉਹ ਅਨੰਦ ਕਾਰਜ ਕਾਰਜ ਸਮੇਂ ਕੀਤੇ ਕੀਰਤਨ ਦੀ ਬਹੁਤ ਸ਼ਲਾਘਾ ਕੀਤੀ ਗਈ। ਉਸ ਤੋਂ ਬਾਅਦ ਹੋਰ ਵੱਖੋ ਵੱਖ ਗੁਰਦੁਆਰਿਆਂ ਵਿਚ ਕੀਰਤਨ ਸੰਗਤਾਂ ਨੂੰ ਸੁਣਾ ਕੇ ਤੇ ਫਿਰ ਅੱਠ ਦਿਨ ਕਲਕੱਤੇ ਲਾਅ ਕੇ ਤੇ ਫਿਰ ਜੱਥਾ ਆਸਨਸੋਲ ਗੁਰਦੁਆਰਾ ਗੁਰੂਨਾਨਕ ਦਰਬਾਰ ਆ ਗਿਆ ਅਤੇ ਇਕ ਹਫਤਾ ਆਸਨ ਸੋਲ ਗੁਰਦੁਆਰੇ ਸੰਗਤਾਂ ਨੂੰ ਕੀਰਤਨ ਸੁਣਾ ਕੇ ਤੇ ਅਤੇ ਇਸ ਤਰਾਂ 15 ਪੰਦਰਾਂ ਕੁ ਦਿਨਾਂ ਦਾ ਟੂਰ ਲਾ ਕੇ ਵਾਪਸ ਮੇਰਠ ਆ ਕੇ ਆਪਣੀ ਡਿਊਟੀ ਸ਼ੁਰੂਕਰ ਦਿੱਤੀ।

ਭਾਈ ਕਰਮ ਸਿੰਘ ਜੀ ਜਦੋਂ ਟੂਰ ਲਾ ਕੇ ਵਾਪਸ ਮੇਰਠ ਆਏ ਤਾਂ ਅਗੇ ਧੰਨਬਾਦ ਬਿਹਾਰ ਗੁਰਦੁਆਰਾ ਸਿੰਘ ਸਭਾ ਤੋਂ ਗੁਰੂਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਲਈ, ਇੱਕ ਚਿਠੀ ਆਈ ਪਈ ਸੀ, ਤਾਂ ਭਾਈ ਸਾਹਿਬ ਜੀ ਨੇ ਉਥੇ ਪ੍ਰਵਾਨਗੀ ਦੀ ਚਿੱਠੀ ਪਾ ਦਿੱਤੀ ਤੇ ਇਸ ਤਰ੍ਹਾਂ ਸ਼ਹੀਦੀ ਪੁਰਬ ਦਾ ਪ੍ਰੋਗਰਾਮ ਧੰਨਬਾਦ ਬੁੱਕ ਹੋ ਗਿਆ, ਤੇ ਸ਼ਹੀਦੀ ਪੁਰਬ ਤੇ 18 ਮਈ ਨੂੰ ਚੱਲ ਕੇ ਤੇ 19 ਮਈ ਨੂੰ ਪਹੁੰਚਣਾ ਸੀ ਤੇ 15 ਮਈ ਨੂੰ ਰੇਲ ਦੀ ਹੜਤਾਲ ਹੋ ਗਈ ਤੇ ਰੇਲ ਹੜਤਾਲ ਕਾਰਨ ਆਪ ਜੀ ਇੱਕ ਦਿਨ ਲੇਟ ਹੋ ਗਏ, ਤੇ 19 ਦੀ ਬਜਾਏ 20 ਮਈ ਨੂੰ ਪਹੁੰਚੇ। ਤੇ ਗਰਮੀ ਬਹੁਤ ਸੀ, ਤੇ ਆਪ ਜੀ ਨੇ ਧੰਨਬਾਦ ਪਹੁੰਚ ਕੇ ਗਰਮੀ ਦੇਕਾਰਨ ਜਾਂਦਿਆਂ ਹੀ ਇਸ਼ਨਾਨ ਕਰ ਲਿਆ, ਸਰੀਰ ਗਰਮ ਸਰਦ ਹੋਣ ਕਾਰਨ ਭਾ:ਕਰਮ ਸਿੰਘ ਜੀ ਨੂੰ ਬੁਖ਼ਾਰ ਹੋ ਗਿਆ ਤੇ ਆਪ ਜੀ ਵੀਹ ਤਰੀਕ ਸ਼ਾਮ ਦਾ ਕੀਰਤਨ ਨਹੀਂ ਕਰ ਸਕੇ, ਤੇ ਕੀਰਤਨ ਨਾਂ ਕਰਨ ਕਾਰਨ, ਪ੍ਰਬੰਧਕ ਕੁਝ ਨਾਰਾਜ਼ ਹੋ ਗਏ, ਪਰ ਮਜ਼ਬੂਰੀ ਸੀ ਤੇ 21 ਤਰੀਕ ਸਵੇਰੇ ਸਰੀਰ ਠੀਕ ਹੋ ਗਆ ਤੇ ਭਾਈ ਸਾਹਿਬ ਜੀ ਨੇ ਦੋ ਦਿਨ ਐਸਾ ਕੀਰਤਨ ਕੀਤਾ ਕੀਰਤਨ ਸੁਣ ਕੇ ਸੰਗਤ ਅਤੇ ਪ੍ਰੰਬਧਕ ਬਹੁਤ ਖੁਸ਼ ਹੋ ਗਏ.ਆਪ ਜੀ 23 ਮਈ ਨੂੰ ਧੰਨਬਾਦ ਤੋਂ ਟਰੇਨ ਰਾਹੀਂ 24 ਮਈ ਨੂੰ ਵਾਪਸ ਮੇਰਠ ਆਪਣੀ ਡਿਊਟੀ ਤੇ ਪਹੁੰਚ ਗਏ।

ਫਿਰ ਜੁਲਾਈ 72 ਵਿਚ, ਗਿਆਨੀ ਦਲੀਪ ਸਿੰਘ ਦਰਦੀ ਸਾਹਿਬ ਕਥਾ ਕਰਨ ਵਾਸਤੇ ਮੇਰਠ ਸਿੰਘ ਸਭਾ ਆ ਗਏ, ਤੇ ਇਕ ਹਫਤਾ ਉਹਨਾਂ ਨੇ ਉੱਥੇ ਕਥਾ ਕੀਤੀ, ਤੇ ਫਿਰ ਉਹਨਾਂ ਦਸਿਆ ਕਿ ਓਅੰਕਾਰੇਸ਼ਵਰ ਵਿਖੇ ਜੋ ਕਿ ਇੰਦੌਰ ਦੇ ਕੋਲ ਹੈ, ਉਥੇ ਬਹੁਤ ਵੱਡਾ ਗੁਰਮਤਿ ਸਮਾਗਮ ਹੈ ਤੇ ਮਸਕੀਨ ਜੀ ਨੇ ਸੁਨੇਹਾ ਭੇਜਿਆ ਹੈ, ਕਿ ਰਤਨ ਜੀ ਦੇ ਜੱਥੇ ਨੂੰ ਲੈ ਕੇ ਆਓ ਤੇ ਸਭਾ ਤੋਂ ਇਜਾਜ਼ਤ ਲੈ ਕੇ ਤਿੰਨ ਅਗਸਤ ਨੂੰ ਓਅੰਕਾਰੇਸ਼ਵਰ ਪਹੁੰਚ ਗਏ, ਇਥੇ ਗੁਰੂਨਾਨਕ ਦੇਵ ਜੀ ਦਾ ਇਤਿਹਾਸਕ ਅਸਥਾਨ ਹੈ, ਜਿਥੇ ਬੈਠ ਕੇ ਸਤਿਗੁਰੂਜੀ ਨੇ (ਦੱਖਣੀ ਉਅੰਕਾਰ) ਬਾਣੀ ਉਚਾਰੀ ਸੀ ਜੋ ਗੁਰੂਗ੍ਰੰਥ ਸਾਹਿਬ ਵਿਚ ਰਾਮ ਕਲੀ ਰਾਗ ਵਿਚ ਦਰਜ ਹੈ। ਚਾਰ ਅਗਸਤ ਨੂੰ ਸਵੇਰੇ ਗੁਰਦੁਆਰੇ ਪਹੁੰਚ ਕੇ ਕੀਰਤਨ ਕੀਤਾ, ਜਥੇ ਹੋਰ ਵੀ ਬਹੁਤ ਸਨ, ਤੇ ਜਦੋਂ ਸਾਡੀ ਵਾਰੀ ਆਈ, ਤਾਂ ਅਸੀਂ ਦਖਣੀ ਓਅੰਕਾਰ

ਬਾਣੀ ਵਿਚੋਂ ਹੀ, ਏਹ ਸ਼ਬਦ ਦਾ ਗਾਇਨ ਕੀਤਾ(ਸੁਣ ਪਾਂਡੇ ਕਿਆ ਲਿਖਹੁ ਜੰਜਾਲਾ। ਲਿਖ ਰਾਮ ਨਾਮ ਗੁਰਮੁਖ ਗੋਪਾਲਾ)ਤੇ ਇਹ ਸ਼ਬਦ ਜੋ ਸਤਿਗੁਰ ਜੀ ਨੇ ਇਸੇ ਅਸਥਾਨ ਤੇ ਹੀ ਉਚਾਰਿਆ ਸੀ, ਸ਼ਬਦ ਸੁਣ ਕੇ ਸਾਰੀ ਸੰਗਤ ਝੂਮ ਗਈ, ਤੇ ਮਸਕੀਨ ਜੀ ਨੇ ਅਤੇ ਸੰਗਤ ਨੇ ਭਾਈ ਕਰਮ ਸਿੰਘ ਰਤਨ ਜੀ ਦਾ ਬਹੁਤ ਆਦਰ ਕੀਤਾ ਅਤੇ ਫਿਰ ਚਾਰ ਤਰੀਕ ਓਅੰਕਾਰੇਸ਼ਵਰ ਪ੍ਰੋਗਰਾਮ ਕਰ ਕੇ ਫਿਰ ਭਾਈ ਸਾਹਿਬ ਜੀ ਮਸਕੀਨ ਸਾਹਿਬ ਜੀ ਦੇ ਨਾਲ ਹੀ ਬੜਵਾਹ ਸ਼ਹਿਰ ਆ ਗਏ ਤੇ ਚਾਰ ਤਰੀਕ ਰਾਤ ਅਤੇ ਪੰਜ ਤਰੀਕ ਦਾ ਸਵੇਰ ਦਾ ਪ੍ਰੋਗਰਾਮ ਬੜਵਾਹ ਵਿਖੇ ਕੀਤਾ, ਤੇ ਫਿਰ ਆਪ ਜੀ ਸ਼ਾਮ ਤਕ ਇੰਦੌਰ ਗੁਰਦੁਆਰਾ ਇਮਲੀ ਸਾਹਿਬ ਪਹੁੰਚ ਗਏ ਅਤੇ6 ਤਰੀਕ ਸਵੇਰੇ ਇੰਦੌਰ ਵਿਚ ਇੱਕ ਮੰਦਿਰ ਹੈ, ਜਿਸ ਦਾ ਨਾਮ ਹੈ ਗੀਤਾ ਭਵਨ, ਉਸ ਗੀਤਾ ਭਵਨ ਮੰਦਰ ਵਿਚ ਉਨ੍ਹਾਂ ਨੇ ਮਸਕੀਨ ਸਾਹਿਬ ਜੀ ਦਾ ਕਥਾ ਦਾ ਪ੍ਰੋਗਰਾਮ ਰਖਿਆ ਹੋਇਆ ਸੀ, ਤੇ ਮਸਕੀਨ ਸਾਹਿਬ ਜੀ ਨੇ ਰਤਨ ਜੀ ਨੂੰ ਕਿਹਾ ਕਿ ਤੁਸੀ਼ ਸਵੇਰੇ 9 ਵਜੇ ਤਕ ਗੀਤਾ ਭਵਨ ਪਹੁੰਚ ਜਾਣਾ ਮੇਰੀ ਕਥਾ ਤੋਂ ਪਹਿਲਾਂ ਤੁਸੀਂ ਕੀਰਤਨ ਕਰਨਾ ਹੈ, ਤੇ ਉਹਨਾਂ ਦੇ ਕਹਿਣ ਤੇਸਵੇਰੇ 8.30 ਵਜੇ ਗੀਤਾ ਭਵਨ ਪਹੁੰਚ ਗਏ, ਤੇ ਉਥੇ ਜਿਹੜੇ ਸਟੇਜ ਦੇ ਪ੍ਰਬੰਧਕ ਸਨ ਉਹ ਰਤਨ ਜੀ ਨੂੰ ਕਹਿਣ ਲਗੇ, ਕਿ ਹੁਣ ਤੁਸੀਂ ਕੀਰਤਨ ਸ਼ੁਰੂ ਕਰ ਦਿਉ, ਉਹ ਹਾਲੇ ਕਹਿ ਹੀ ਰਹੇ ਸਨ, ਕਿ ਉਧਰੋਂ ਮਸਕੀਲ ਜੀ ਵੀ ਪਹੁੰਚ ਗਏ ਤੇ ਮਸਕੀਨ ਜੀ ਨੇ ਉਹਨਾਂ ਨੂੰ ਕਹਿ ਦਿੱਤਾ ਕਿ ਹਾਲੇ ਰਤਨ ਜੀ ਨੂੰ ਨਹੀਂ ਲਾਉਣਾ ਸਾਡੇ ਪਾਸ ਏਹੀ ਤਾਂ ਜਥਾ ਹੈ ਵਧੀਆ ਕੀਰਤਨ ਕਰਨ ਵਾਲਾ, ਇਸ ਲਈ ਇਨ੍ਹਾਂ ਨੂੰ ਭਰੀ ਸੰਗਤ ਵਿਚ ਟਾਈਮ ਦੇਣਾ ਹੈ। ਤੇ ਫਿਰ ਜਿਸ ਵੇਲ ੇਸੰਗਤ ਨਾਲ ਹਾਲ ਭਰ ਗਿਆ, ਤਾਂ ਮਸਕੀਨ ਜੀ ਨੇ ਆਪ ਭਾ:ਕਰਮ ਸਿੰਘ ਰਤਨ ਦਾ ਆਪ ਸਟੇਜ ਤੇ ਕੀਰਤਨ ਕਰਨ ਲਈ ਅਨਾਊਂਸ ਕੀਤਾ, ਕਿ ਹੁਣ ਸੰਗੀਤ ਦੇ ਮੀਹਾਨ ਅਚਾਰੀਆ ਆਪ ਨੂੰ ਮਧੁਰ ਕੀਰਤਨ ਨਾਲ ਨਿਹਾਲ ਕਰਨਗੇ। ਤੇ ਫਿਰ ਭਾ:ਕਰਮ ਸਿੰਘ ਜੀ ਨੇ ਤਕਰੀਬਨ ਪਉਣਾ ਘੰਟਾ ਪ੍ਰਭਾਵਸ਼ਾਲੀ ਕੀਰਤਨ ਕੀਤਾ ਤੇ ਸੰਗਤ ਹਾਲਾਂ ਕਿ ਜਿਆਦਾ ਤਰ ਹਿੰਦੂ ਜੰਟਰੀ ਸੀ, ਪਰ ਸਾਰੀ ਸੰਗਤ ਬਹੁਤ ਪ੍ਰਭਾਵਿਤ ਹੋਈ ਅਤੇ ਉਥੇ ਇੰਦੌਰ ਵਿਚ ਇਕ ਸ:ਬਲਵੰਤ ਸਿੰਘ ਵਕੀਲ ਸਨ, ਉਹ ਇੱਕ ਦਿਨ ਭਾ:ਕਰਮ ਸਿੰਘ ਰਤਨ ਜੀ ਨੂੰ ਆਪਣੇ ਘਰ ਲੈ ਗਏ ਕੀਰਤਨ ਸੁਣਨ ਵਾਸਤੇ, ਅਤੇ ਉਹਨਾਂ ਨੇ ਦੋ ਸਾਜਿੰਦੇ ਰੇਡੀਓ ਸਟੇਸ਼ਨ ਤੋਂ ਸਪੈਸ਼ਲ ਮੰਗਵਾਏ ਸਨ, ਇਸ ਸਿਤਾਰ ਵਾਲਾ ਤੇ ਇਕ ਵਾਇਲਨ ਵਾਲਾ ਜੋ ਰਤਨ ਜੀ ਦੇ ਨਾਲ ਸੰਗਤ ਵਾਸਤੇ ਬਿਠਾਏ, ਤੇ ਰਤਨ ਜੀ ਨੂੰ ਕਿਹਾ ਕੇ ਭਾਈ ਸਾਹਿਬ ਜੀ, ਸਾਰੇ ਸ਼ਬਦ ਕਲਾਸੀਕਲ ਹੀ ਪੜਨੇ ਹਨ।(ਚੱਲਦਾ)


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

# ਰਾਗ ਜੈਤਸਰੀ

ਨਰਿੰਦਰਜੀਤ ਕੌਰ

ਥਾਟ : ਪੂਰਵੀ
ਵਾਦੀ-ਸੰਵਾਦੀ: ਗੰਧਾਰ-ਨਿਸ਼ਾਦ
ਜਾਤੀ: ਔੜਵ-ਸੰਪੂਰਨ
ਸਮਾਂ: ਦਿਨ ਦਾ ਚੌਥਾਪਹਿਰ
ਸੁਰ: ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ
ਆਰੋਹ: ਸਾ ਗ, ਮ ਪ, ਧੁ ਪ ਨੀ ਸਾਂ
ਅਵਰੋਹ: ਸਾਂਨੀ ਧੁ ਪ, ਗ, ਮ ਗ ਰੇ ਸਾ
ਮੁੱਖਅੰਗ: ਸਾ ਗ, ਪ, ਮ ਧੁ ਪ, ਮ' ਗ ਮ ਗ, ਰੇ ਸਾ

| ਸਥਾਈ ਜੈਤਸਰੀ ਤਲਵਾੜਾ | | | | | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਧਾ | ਤਿਟ | ਤਿੰ | ਤਿੰ | ਤਾਕੇ | ਤਿਟ | ਧਿੰ | ਧਿੰ |
| | ਮ | – | ਗ | ਗ | ਗ | ਗ | ਗ |
| | **ਨਾ** | **–** | **ਥ** | **ਕ** | **ਛੂ** | **ਅ** | **ਨ** |
| ਰੇ | – | ਸਾ | – | ਸਾਗ | ਮਪ | –ਧੁ | ਪ |
| **ਜਾ** | **–** | **ਨਉ** | **–** | **– –** | **– –** | **– –** | **–** |
| – | ਮ | – | ਗ | ਗ | ਗ | ਗ | ਗ |
| **–** | **ਨਾ** | **–** | **ਥ** | **ਕ** | **ਛੂ** | **ਅ** | **ਨ** |
| ਰੇ | – | ਸਾ | – | – | – | – | – |
| **ਜਾ** | **–** | **ਨਉ** | **–** | **–** | **–** | **–** | **–** |
| – | ਪਪ | –ਪ | – | ਪਪ | ਮਪ | ਮ | ਮ |
| **–** | **ਮਨੁ** | **–ਮਾ** | **–** | **ਇਆ** | **–** | **ਕੇ** | **–** |
| ਸਾਂ | – | ਸਾਂ | ਸਾਂ | ਧੁ | – | ਪ | – |
| **ਹਾ** | **–** | **ਥਿ** | **ਬਿ** | **ਕਾ** | **–** | **ਨਉ** | **–** |
| **ਅੰਤਰਾ ਜੈਤਸਰੀ ਤਲਵਾੜਾ** | | | | | | | |
| | ਧੁਧੁ | ਪ | ਪ | ਨੀ | ਨੀ | ਸਾਂ | ਸਾਂ |
| | **ਤੁਮ** | **ਕ** | **ਹੀ** | **ਅ** | **ਤ** | **ਹੌ** | **ਜ** |
| ਸਾਂ | ਸਾਂ | ਸਾਂ | ਸਾਂ | ਧੁ | – | ਪ | – |
| **ਗ** | **ਤ** | **ਗੁ** | **ਰ** | **ਸੁਆ** | **–** | **ਮੀ** | **–** |
| ਸਾਂ | ਸਾਂ | ਸਾਂ | ਸਾਂ | ਗੰ | ਗੰ | ਗੰ | ਗੰ |
| **ਹ** | **ਮ** | **ਕ** | **ਹੀ** | **ਅ** | **ਤ** | **ਕ** | **ਲਿ** |
| ਗਂ | ਗਂ | ਗਂ | ਮਂ | ਗਂ | ਰੇਂ | ਸਾਂ | – |
| **ਜੁ** | **ਗ** | **ਕੇ** | **–** | **ਕਾ** | **–** | **ਮੀ** | **–** |
| ਸਾਂ | ਸਾਂ | ਸਾਂ | ਸਾਂ | ਧੁ | ਧੁ | ਪ | ਪ |
| **ਹ** | **ਮ** | **ਕ** | **ਹੀ** | **ਅ** | **ਤ** | **ਕ** | **ਲਿ** |
| ਮ | ਮ | ਗ | ਮ | ਗ | ਰੇ | ਸਾ | ਗ |
| **ਜੁ** | **ਗ** | **ਕੇ** | **–** | **ਕਾ** | **–** | **ਮੀ** | **–** |

ਸੰਗੀਤ ਵਿਭਾਗ, ਦੇਵ ਸਮਾਜ ਕਾਲਜ ਲੜਕੀਆਂ, ਫਿਰੋਜ਼ਪੁਰ

## ਸ਼ਬਦ ਦੇ ਅਰਥ

ਜੈਤਸਰੀ ਬਾਣੀਭਗਤਾ ਕੀ ੧ੴ ਸਤਿਗੁਰ ਪ੍ਰਸਾਦਿ ॥

ਨਾਥ ਕਛੂਅ ਨ ਜਾਨਉ ॥

O my Lord and Master, I know nothing.

ਮਨੁ ਮਾਇਆ ਕੈ ਹਾਥਿ ਬਿਕਾਨਉ ॥1॥ ਰਹਾਉ ॥

My mind has sold out, and is in Maya's hands. ||1||Pause||

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥

You are called the Lord and Master, the Guru of the World.

ਹਮ ਕਹੀਅਤ ਕਲਿਜੁਗ ਕੇ ਕਾਮੀ ॥1॥

I am called a lustful being of the Dark Age of Kali Yuga. ||1||

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥

The five vices have corrupted my mind.

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥2॥

Moment by moment, they lead me further away from the Lord. ||2||

ਜਤ ਦੇਖਉ ਤਤ ਦੁਖ ਕੀ ਰਾਸੀ ॥

Wherever I look, I see loads of pain and suffering.

ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥3॥

I do not have faith, even though the Vedas bear witness to the Lord. ||3||

ਗੌਤਮ ਨਾਰਿ ਉਮਾਪਤਿ ਸ੍ਵਾਮੀ ॥

Shiva cut off Brahma's head, and Gautam's wife and the Lord Indra mated;

ਸੀਸੁ ਧਰਨਿ ਸਹਸ ਭਗ ਗਾਂਮੀ ॥4॥

Brahma's head got stuck to Shiva's hand, and Indra came to bear the marks of a thousand female organs. ||4||

ਇਨ ਦੂਤਨ ਖਲੁ ਬਧੁ ਕਰਿਮਾਰਿਓ ॥

These demons have fooled, bound and destroyed me.

ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥5॥

I am very shameless - even now, I am not tired of them. ||5||

ਕਹਿ ਰਵਿਦਾਸ ਕਹਾ ਕੈਸੇ ਕੀਜੈ ॥

Says Ravi Daas, what am I to do now?

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥6॥1॥

Without the Sanctuary of the Lord's Protection, who else's should I seek? ||6||1||

Postal Regd. No. CH/0045/2015-2017 RNI Regd. No. 46788/89

# ਭੈਣੇ ਸਾਵਣੁ ਆਇਆ

ਵਡਹੰਸੁ ਮਹਲਾ ੧ ਘਰੁ ੨ ॥

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥

The peacocks are singing so sweetly, O sister; the rainy season of Saawan has come.
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥

Your beauteous eyes are like a string of charms, fascinating and enticing the soul-bride.
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥

I would cut myself into pieces for the Blessed Vision of Your Darshan; I am a sacrifice to Your Name.
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥

I take pride in You; without You, what could I be proud of?
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥

So smash your bracelets along with your bed, O soul-bride, and break your arms, along with the arms of your couch.
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥

In spite of all the decorations which you have made, O soul-bride, your Husband Lord is enjoying someone else.
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥

You don't have the bracelets of gold, nor the good crystal jewelry; you haven't dealt with the true jeweller.
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥

Those arms, which do not embrace the neck of the Husband Lord, burn in anguish.
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥

All my companions have gone to enjoy their Husband Lord; which door should I, the wretched one, go to?
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥

O friend, I may look very attractive, but I am not pleasing to my Husband Lord at all.
ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥

I have woven my hair into lovely braids, and saturated their partings with vermillion;
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥

But when I go before Him, I am not accepted, and I die, suffering in anguish.
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥

I weep; the whole world weeps; even the birds of the forest weep with me.
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

The only thing which doesn't weep is my body's sense of separateness, which has separated me from my Lord.
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥

In a dream, He came, and went away again; I cried so many tears.
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥

I can't come to You, O my Beloved, and I can't send anyone to You.
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥

Come to me, O blessed sleep - perhaps I will see my Husband Lord again.
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥

One who brings me a message from my Lord and Master - says Nanak, what shall I give to Him?
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

Cutting off my head, I give it to Him to sit upon; without my head, I shall still serve Him.
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

Why haven't I died? Why hasn't my life just ended? My Husband Lord has become a stranger to me. ||1||3||